# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times 06 ਜੁਲਾਈ 2025 ਦਿਨ ਐਤਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਬੀਐਸਐਨਐਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਸੰਗਰੂਰ ਦੀ ਮੀਟਿੰਗ, ਸੀਸੀਏ ਦਫ਼ਤਰ ਪੰਜਾਬ ਸਰਕਲ ਚੰਡੀਗੜ੍ਹ ਦੂਰਸੰਚਾਰ ਵਿਭਾਗ ਦੀ ਰਹਿਨੁਮਾਈ ਹੇਠ ਹੋਈ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਸੰਗਰੂਰ 6 ਜੁਲਾਈ : ਅੱਜ ਬੀਐਸਐਨਐਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਸੰਗਰੂਰ ਨੇ ਮਹੀਨਾਵਾਰ ਮੀਟਿੰਗ ਸੀਸੀਏ ਦਫ਼ਤਰ ਪੰਜਾਬ ਸਰਕਲ ਚੰਡੀਗੜ੍ਹ ਦੂਰਸੰਚਾਰ ਵਿਭਾਗ ਦੀ ਰਹਿਨੁਮਾਈ ਹੇਠ ਸ੍ਰੀ ਨੈਣਾਂ ਦੇਵੀ ਮੰਦਿਰ ਧਰਮਸ਼ਾਲਾ ਸੰਗਰੂਰ ਵਿਖੇ ਕੀਤੀ ।ਸ਼ੁਰੂ ਵਿੱਚ ਇਸ ਮਹੀਨੇ ਬੀਐਸਐਨਐਲ ਪਰਿਵਾਰਾਂ ਨਾਲ ਸਬੰਧਿਤ ਵਿਛੜੇ ਪਰਿਵਾਰਿਕ ਮੈਂਬਰਾਂ ਅਤੇ ਅਹਿਮਦਾਬਾਦ ਹਵਾਈ ਦੁਰਘਟਨਾ ਦੇ ਸਬੰਧ ਵਿੱਚ ਇੱਕ ਸ਼ੋਕ ਮਤਾ ਸ੍ਰੀ ਸਾਧਾ ਸਿੰਘ ਵਿਰਕ ਵਲੋਂ ਪੇਸ਼ ਕੀਤਾ ਗਿਆ ਅਤੇ ਉਨ੍ਹਾਂ ਨਮਿਤ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜ਼ਲੀ ਦਿੱਤੀ ।ਇਸ ਮੀਟਿੰਗ ਵਿੱਚ ਦੂਰਸੰਚਾਰ ਮਹਿਕਮੇ ਦੇ ਸੀਸੀਏ ਦਫ਼ਤਰ ਪੰਜਾਬ( ਚੰਡੀਗੜ੍ਹ )ਤੋਂ ਸ੍ਰੀ ਓਮ ਪ੍ਰਕਾਸ਼ ਪੀ ਆਰ ਓ, ਸ੍ਰੀ ਪੰਕਜ ਕੁਮਾਰ ਅਤੇ ਸ੍ਰੀ ਮਨੀਸ਼ ਜੀ ਨੇ ਉਚੇਚੇ ਤੌਰ ਤੇ ਹਾਜ਼ਰੀ ਭਰੀ।ਸ੍ਰੀ ਓਮ ਪ੍ਰਕਾਸ਼ ਨੇ ਪੈਨਸ਼ਨਰਾਂ ਨੂੰ ਦਰਪੇਸ਼ ਆਉਂਦੀਆਂ ਮੁਸ਼ਕਲਾਂ ਅਤੇ ਉਨ੍ਹਾਂ ਦੇ ਹੱਲ ਦਾ ਵਿਸਥਾਰ ਪੂਰਵਕ ਵਰਣਨ ਕੀਤਾ । ਉਨ੍ਹਾਂ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਪੈਨਸ਼ਨਰਾਂ ਨਾਲ ਸਬੰਧਿਤ ਹਰੇਕ ਪਹਿਲੂ ਤੇ





ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਦੀ ਪੇਸ਼ਕਾਰੀ ਇੰਨੀ ਜਬਰਦਸਤ ਸੀ ਕਿ ਹਾਜ਼ਰੀਨ ਨੇ ਸਾਹ ਰੋਕ ਕਿ ਉਨ੍ਹਾਂ ਦੇ ਵਡਮੁੱਲੇ ਵਿਚਾਰ ਸੁਣੇ। ਉਨ੍ਹਾਂ ਸੰਗਰੂਰ ਐਸੋਸੀਏਸ਼ਨ ਵੱਲੋਂ ਪੈਨਸ਼ਨਰਾਂ ਲਈ ਕੀਤੇ ਜਾ ਰਹੇ ਭਲਾਈ ਦੇ ਕਾਰਜਾਂ ਲਈ ਪੂਰੀ ਟੀਮ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਸੰਗਰੂਰ ਵਿੱਚ ਨਿਸ਼ਕਾਮ ਕੰਮ ਕਰ ਰਹੀ ਪੈਨਸ਼ਨਰ ਐਸੋਸੀਏਸ਼ਨ ਨੇ ਪੂਰੇ ਪੰਜਾਬ ਸੂਬੇ ਵਿੱਚ ਹੋਰ ਪੈਨਸ਼ਨਰ ਜਥੇਬੰਦੀਆਂ ਲਈ ਇੱਕ ਮਿਸਾਲ ਕਾਇਮ ਕਰ ਦਿੱਤੀ ਹੈ । ਸ੍ਰੀ ਪੀਸੀ ਬਾਘਾ ਨੇ ਕੁੱਝ ਮਤੇ ਸਦਨ ਵਿੱਚ ਪੇਸ਼ ਕੀਤੇ ਜਿਨ੍ਹਾਂ ਨੂੰ ਸਮੁੱਚੇ ਸਦਨ ਨੇ ਹੱਥ ਖੜੇ ਕਰਕੇ ਪ੍ਰਵਾਨਗੀ ਦੇ ਦਿੱਤੀ । ਉਨ੍ਹਾਂ ਨੇ ਸੰਗਰੂਰ ਟੀਮ ਨੂੰ "ਉਗਰਾਹਾਂ ਜਥੇਬੰਦੀ " ਨਾਲ ਤੁਲਨਾ ਕਰਨ ਵਾਲੇ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਪੈਨਸ਼ਨਰਾਂ ਦੇ ਭਲਾਈ ਕਾਰਜਾਂ ਨੂੰ ਇਸੇ ਤਰਾਂ ਜਾਰੀ ਰੱਖਣ ਦਾ ਭਰੋਸਾ ਦਿੱਤਾ। ਉਨ੍ਹਾਂ ਨੇ ਮੋਹਿੰਦਰ ਕਪੂਰ ਦੁਆਰਾ ਗਾਏ ਗਏ ਇੱਕ ਬਹੁਤ ਹੀ ਮਕਬੂਲ ਗੀਤ ਨੂੰ ਆਪਣੀ ਆਵਾਜ਼ ਦੇ ਕੇ ਖੂਬ ਰੰਗ ਬੰਨ੍ਹਿਆ। ਸ੍ਰੀ ਦਲਬੀਰ ਸਿੰਘ ਖਾਲਸਾ ਵੱਲੋਂ ਸਮਾਜਕ ਅਨਿਆਂ , ਕਿਰਤੀਆਂ ਦੀ ਲੁੱਟ ਖਸੁੱਟ ਅਤੇ ਭ੍ਰਿਸ਼ਟ ਤੰਤਰ ਖਿਲਾਫ ਬਹੁਤ ਹੀ ਪ੍ਰਭਾਵਸ਼ਾਲੀ ਤਕਰੀਰ ਕੀਤੀ।ਸ੍ਰੀ ਸ਼ਾਮ ਸੁੰਦਰ ਕੱਕੜ ਨੇ ਆਪਣੇ ਵੱਖਰੇ ਹਾਸਰਸੀ ਅੰਦਾਜ਼ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ।ਸ੍ਰੀ ਸ਼ਿਵ ਨਰਾਇਣ ਨੇ ਨੋਸ਼ਨਲ ਇੰਕਰੀਮੈਂਟ ਬਾਰੇ ਚਰਚਾ ਕੀਤੀ ਅਤੇ ਸ੍ਰੀ ਨਵਨੀਤ ਕੁਮਾਰ ਬਰਨਾਲਾ ਦੀਆਂ ਪੈਨਸ਼ਨਰਾਂ ਪ੍ਰਤੀ ਸੇਵਾਵਾਂ ਲਈ ਖੂਬ ਤਰੀਫ ਕੀਤੀ।ਸ੍ਰੀ ਅਸ਼ਵਨੀ ਕੁਮਾਰ ਨੇ ਸਿਹਤ ਸੰਭਾਲ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਉਨ੍ਹਾਂ ਨੇ ਵ੍ਰਿੰਦਾਵਨ ਵੈਦਯਾਰਤਨਮ ਚਿਕਿਤਸਲਮ ਬੱਦੀ ਹਿਮਾਚਲ ਪ੍ਰਦੇਸ਼ ਵਿੱਚ ਬਿਤਾਏ ਦੋ ਹਫਤਿਆਂ ਬਾਰੇ ਜਾਣਕਾਰੀ ਦਿੱਤੀ ਅਤੇ ਹੋਰਾਂ ਨੂੰ ਵੀ ਇਸ ਸਹੂਲਤ ਦਾ ਫ਼ਾਇਦਾ ਲੈਣ ਲਈ ਪ੍ਰੇਰਿਤ ਕੀਤਾ। ਸ੍ਰੀ ਕੇਵਲ ਸਿੰਘ ਮਾਲੇਰਕੋਟਲਾ ਨੇ ਆਪਣੀ ਬੁਲੰਦ ਅਵਾਜ ਵਿੱਚ ਤੂੰਬੀ ਨਾਲ ਇੱਕ ਬਹੁਤ ਹੀ ਮਕਬੂਲ ਗੀਤ ਗਾ ਕੇ ਦਰਸ਼ਕਾਂ ਦਾ ਮਨਰੰਜਨ ਕੀਤਾ।ਸ੍ਰੀ ਸੁਖਦੇਵ ਸਿੰਘ ਕੇਬਲ ਜੁਆਇੰਟਰ ਨੇ ਹੋਮੀ ਭਾਬਾ ਕੈਂਸਰ ਹਸਪਤਾਲ ਦੇ ਮਰੀਜ਼ਾਂ ਵਾਸਤੇ ਉਨ੍ਹਾਂ ਵਲੋਂ ਕੀਤੀ ਗਈ ਅਪੀਲ ਦੇ ਮੱਦੇਨਜ਼ਰ ਸਹਾਇਤਾ ਰਾਸ਼ੀ ਭੇਜਣ ਵਾਲ਼ੇ ਪੈਨਸ਼ਨਰਾਂ ਦਾ ਧੰਨਵਾਦ ਕੀਤਾ।ਮੀਟਿੰਗ ਦੌਰਾਨ ਸੀਸੀਏ ਦਫ਼ਤਰ ਦੀ ਟੀਮ ਵੱਲੋਂ ਲਗਾਏ ਗਏ ਕੈਂਪ ਵਿੱਚ ਪੈਨਸ਼ਨਰਾਂ ਨੇ ਲਗਭਗ 30 ਲਾਈਫ ਸਰਟੀਫੀਕੇਟ ਅੱਪਡੇਟ ਕਰਵਾਏ ।ਪ੍ਰਬੰਧਕਾਂ ਵਲੋਂ ਸੀ ਸੀ ਏ ਟੀਮ ਦਾ ਸੰਗਰੂਰ ਦੀ ਮੀਟਿੰਗ ਵਿੱਚ ਸ਼ਾਮਿਲ ਹੋਣ ਤੇ ਧੰਨਵਾਦ ਕੀਤਾ । ਇਸ ਮੌਕੇ ਸ਼ਿਵ ਨਰਾਇਣ ਨੇ ਦੱਸਿਆ ਕਿ ਬੀਐਸਐਨਐਲ ਦੇ ਏਜੀਐਮ ਹੁਸੈਨ ਅਹਿਮਦ ਜਿਹੜੇ ਪੰਚਕੁਲਾ ਵਿਖੇ ਸਰਵਿਸ ਕਰ ਰਹੇ ਹਨ ਉਨ੍ਹਾਂ ਨਾਲ 33 ਲੱਖ ਰੁਪਏ ਦੀ ਡਿਜ਼ੀਟਲ ਠੱਗੀ ਹੋ ਚੁੱਕੀ ਹੈ । ਹੁਸੈਨ ਅਹਿਮਦ ਨੇ ਸਾਰਿਆਂ ਨੂੰ ਸੁਝਾਅ ਦਿੱਤਾ ਕਿ ਬਿਜ਼ਨਸ ਔਨ ਲਾਈਨ ਦੀ ਥਾਂ ਔਫਲਾਈਨ ਕਰਨਾ ਚਾਹੀਦਾ ਹੈ । ਅਖ਼ੀਰ ਵਿੱਚ ਇਸ ਮਹੀਨੇ ਜਨਮ ਦਿਨ ਅਤੇ ਹੋਰ ਪਰਿਵਾਰਿਕ ਖੁਸ਼ੀਆਂ ਵਾਲੇ ਸਾਥੀਆਂ ਨੂੰ ਸਨਮਾਨਿਤ ਕੀਤਾ ਗਿਆ।ਸਾਰੇ ਸਦਨ ਵੱਲੋਂ ਸ੍ਰੀ ਸੁਰਿੰਦਰ ਪਾਲ ਦਾ ਚਾਹ ਪਾਰਟੀ ਅਤੇ ਲੰਚ ਲਈ ਸੇਵਾਵਾਂ ਦੇਣ ਵਾਸਤੇ ਧੰਨਵਾਦ ਕੀਤਾ ਗਿਆ।ਮੰਚ ਸੰਚਾਲਨ ਸ੍ਰੀ ਸਾਧਾ ਸਿੰਘ ਵਿਰਕ ਵੱਲੋਂ ਕੀਤਾ ਗਿਆ।

## ਜਮਹੂਰੀ ਅਧਿਕਾਰ ਸਭਾ ਨੇ ਪਿੰਡ ਖਡਿਆਲੀ ਵਿੱਚ ਨਕਲੀ ਦੁੱਧ ਦੀ ਫੈਕਟਰੀ ਬਾਰੇ ਜਾਂਚ ਕਮੇਟੀ ਦਾ ਗਠਨ ਕੀਤਾ।ਮਾਲੇਰਕੋਟਲਾ ਪੁਲਿਸ ਵੱਲੋਂ ਔਰਤ ਦੀ ਕੁੱਟਮਾਰ ਦਾ ਲਿਆ ਸਖ਼ਤ ਨੋਟਿਸ

### ਮਜ਼ਦੂਰ ਆਗੂ ਹਰਭਗਵਾਨ ਮੂਣਕ ਦੀ ਕੁੱਟਮਾਰ ਕਰਨ ਵਾਲੇ ਅਸਲ ਦੋਸ਼ੀਆਂ ਤੇ ਪੁਲਿਸ ਕੇਸ ਦਰਜ਼ ਕਰਨ ਦੀ ਵੀ ਕੀਤੀ ਮੰਗ

ਵਰਲਡ ਪੰਜਾਬੀ ਟਾਈਮਜ਼

ਸੰਗਰੂਰ 6 ਜੁਲਾਈ : ਜਮਹੂਰੀ ਅਧਿਕਾਰ ਸਭਾ ਇਕਾਈ ਸੰਗਰੂਰ ਦੀ ਐਮਰਜੈਂਸੀ ਮੀਟਿੰਗ ਜਿਲ੍ਹਾ ਪ੍ਰਧਾਨ ਜਗਜੀਤ ਭੁਟਾਲ ਦੀ ਪ੍ਰਧਾਨਗੀ ਹੇਠ ਸਥਾਨਕ ਗਦਰ ਭਵਨ ਵਿੱਚ ਬੁਲਾਈ ਗਈ। ਜਿਸ ਵਿੱਚ ਪਿੰਡ ਖਡਿਆਲੀ ਅਤੇ ਸਰਕਾਰੀ ਕੋਪਰੇਟਿਵ ਦੁੱਧ ਦੀ ਕੰਪਨੀ ਵੇਰਕਾ ਨਾਲ ਸਬੰਧਤ ਨਕਲੀ ਜ਼ਹਿਰੀਲੇ ਦੁੱਧ ਦੇ ਮੁੱਦੇ ਤੇ ਸਭਾ ਵੱਲੋਂ ਪੰਜ ਮੈਂਬਰੀ ਜਾਂਚ ਕਮੇਟੀ ਬਣਾਈ ਗਈ, ਜਿਸ ਵਿਚ ਪ੍ਰਧਾਨ ਜਗਜੀਤ ਭੁਟਾਲ, ਬਸੇਸਰ ਰਾਮ ਪ੍ਰਿੰਸੀਪਲ ਅਮਰੀਕ ਖੋਖਰ, ਮਨਧੀਰ ਸਿੰਘ ਰਾਜੋਮਾਜਰਾ ਅਤੇ ਡਾਕਟਰ ਕਿਰਨਪਾਲ ਕੌਰ ਨੂੰ ਸ਼ਾਮਲ ਕੀਤਾ ਗਿਆ। ਮਾਲੇਰਕੋਟਲਾ ਵਿਖੇ ਪੁਲਿਸ ਵੱਲੋਂ ਕੀਤੀ ਔਰਤ ਦੀ ਕੁੱਟਮਾਰ ਦਾ ਸਖ਼ਤ ਨੋਟਿਸ ਲੈਣ ਤੋਂ ਇਲਾਵਾ ਗੋਬਿੰਦ ਪੁਰਾ ਪਾਪੜਾ ਵਿਖੇ ਪੇਂਡੂ ਧਨਾਢ ਚੌਧਰੀਆਂ ਵੱਲੋਂ ਮਜ਼ਦੂਰ ਆਗੂ ਹਰਭਗਵਾਨ ਮੂਣਕ ਦੀ ਕਰਵਾਈ ਜਾਨਲੇਵਾ ਕੁੱਟਮਾਰ ਲਈ ਸਾਜਿਸ਼ੀ ਵਿਅਕਤੀਆਂ ਖਿਲਾਫ਼ ਪੁਲਿਸ ਕੇਸ ਦਰਜ ਕਰਨ ਦੀ ਮੰਗ ਕੀਤੀ ਗਈ।ਆਗੂਆਂ ਨੇ ਖਡਿਆਲੀ ਪਿੰਡ ਦੇ ਇੱਕ ਵਿਅਕਤੀ ਵੱਲੋਂ ਨਕਲੀ ਜ਼ਹਿਰੀਲਾ ਦੁੱਧ ਜੋ ਵੇਰਕਾ ਦੁੱਧ ਕੰਪਨੀ ਨੂੰ




ਵੀ ਪਾਉਂਦਾ ਰਿਹਾ ਨੂੰ ਆਮ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਕੇ ਉਹਨਾਂ ਨੂੰ ਜਾਨਲੇਵਾ ਬਿਮਾਰੀਆਂ ਦੇ ਖ਼ੂਹ ਵਿੱਚ ਸੁੱਟਦਾ ਰਿਹਾ ਨੂੰ ਸਮਾਜ ਲਈ ਇੱਕ ਘਾਤਕ ਵਰਤਾਰਾ ਗਰਦਾਨਿਆ। ਇਹ ਪੂਰਾ ਘਟਨਾਕਰਮ ਡੂੰਘੀ ਪੜਤਾਲ ਦੀ ਮੰਗ ਕਰਦਾ ਹੈ।ਇਹ ਸਭ ਕੁਝ ਸਿਹਤ ਵਿਭਾਗ ਅਤੇ ਸਰਕਾਰ ਦੇ ਸੁੱਤੀ ਪਈ ਹੋਣ ਦਾ ਪ੍ਰਮਾਣ ਹੈ। ਆਗੂਆਂ ਨੇ ਇਸ ਨੂੰ ਗੁਜਰਾਂ ਸਰਾਬ ਕਾਂਡ ਤੋਂ ਵੀ ਖਤਰਨਾਕ ਅਤੇ ਭਿਆਨਕ ਦੱਸਿਆ।ਕਾਰਵਾਈ ਦੌਰਾਨ ਪੁਲਿਸ ਵੱਲੋਂ ਮਾਲੇਰਕੋਟਲਾ ਵਿਖੇ ਇੱਕ ਮੁਸਲਿਮ ਔਰਤ ਦੀ ਗ਼ੈਰਮਨੁੱਖੀ ਤਰੀਕੇ ਨਾਲ ਕੀਤੀ ਕੁੱਟਮਾਰ ਨੂੰ ਪੁਲਿਸ ਨੂੰ ਦਿੱਤੀਆਂ ਖੁਲੀਆਂ ਤਾਕਤਾਂ ਅਤੇ ਪੰਜਾਬ ਨੂੰ ਬਣਾਏ ਜਾ ਰਹੇ ਪੁਲਿਸ ਰਾਜ ਦੀ ਵੀ ਸਖ਼ਤ ਆਲੋਚਨਾ ਕੀਤੀ ਗਈ, ਕੁੱਟਮਾਰ ਕਰ ਰਹੇ ਪੁਲਿਸ ਕਰਮਚਾਰੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਗਈ।ਸਰਕਾਰ ਦੇ ਇਸ਼ਾਰੇ ਤੇ ਨਿੱਤ ਪੁਲਿਸ ਵੱਲੋਂ ਰੁਜਗਾਰ ਮੰਗ ਰਹੇ ਬੇਰੁਜ਼ਗਾਰਾਂ, ਮਜਦੂਰਾਂ, ਕਿਸਾਨਾਂ, ਵਿਦਿਆਰਥੀਆਂ ਤੇ ਕੀਤੇ ਜਾਂਦੇ ਤਸ਼ੱਦਦ ਨੂੰ ਤਾਨਾਸ਼ਾਹੀ ਗਰਦਾਨਿਆ।ਮੀਟਿੰਗ ਦੀ ਕਾਰਵਾਈ ਸਭਾ ਦੇ ਮੀਤ ਪ੍ਰਧਾਨ ਸ੍ਰੀ ਬਸੇਸਰ ਰਾਮ ਵੱਲੋਂ ਪਾਈ ਗਈ।ਇਸ ਮੌਕੇ ਮੀਤ ਪ੍ਰਧਾਨ ਬਸੇਸਰ ਰਾਮ, ਵਿੱਤ ਸਕੱਤਰ ਮਨਧੀਰ ਸਿੰਘ ਰਾਜੋਮਾਜਰਾ,ਜਾਇੰਟ ਸਕੱਤਰ ਕੁਲਵਿੰਦਰ ਬੰਟੀ ,ਭਜਨ ਰੰਗੀਆਂ,ਇੰਨਜਿੰਦਰ ਸਿੰਘ,ਹਰਪ੍ਰੀਤ ਕੌਰ ਪ੍ਰਿੰਸੀਪਲ ਅਮਰੀਕ ਸਿੰਘ ਖੋਖਰ ਅਤੇ ਡਾਕਟਰ ਕਿਰਨਪਾਲ ਕੌਰ ਹਾਜ, ਸਨ।

## ਸ਼ਾਨਦਾਰ ਰਿਹਾ ਰਾਸ਼ਟਰੀ ਕਾਵਿ ਸਾਗਰ ਵੱਲੋਂ ਕਰਵਾਇਆ ਗਿਆ ਸਾਵਣ ਕਵੀ ਦਰਬਾਰ

ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ




ਚੰਡੀਗੜ੍ਹ,6 ਜੁਲਾਈ : ਰਾਸ਼ਟਰੀ ਕਾਵਿ ਸਾਗਰ ਨੇ 29 ਜੂਨ ਨੂੰ ਸਾਵਣ ਕਵੀ ਦਰਬਾਰ ਦਾ ਆਯੋਜਨ ਕੀਤਾ । ਇਸ ਕਵੀ ਦਰਬਾਰ ਵਿੱਚ ਦੇਸ਼ ਵਿਦੇਸ਼ ਤੋਂ 27 ਕਵੀਆਂ ਨੇ ਭਾਗ ਲਿਆ। ਪ੍ਰੋਗਰਾਮ ਵਿੱਚ ਸ਼ਾਮਿਲ ਕਵੀਆਂ ਵੱਲੋਂ ਸੁਣਾਈਆਂ ਗਈਆਂ ਰਚਨਾਵਾਂ ਵਿੱਚੋਂ ਕੁਝ ਰਚਨਾਵਾਂ ਸਾਵਣ ਤੇ ਕੁਝ ਅਜੋਕੇ ਹਾਲਾਤਾਂ ਨੂੰ ਸਮਰਪਿਤ ਸਨ। ਇਸ ਓਨ ਲਾਈਨ ਪ੍ਰੋਗਰਾਮ ਵਿਚ ਡਾ. ਸੁਰੇਸ਼ ਨਾਇਕ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ । ਪ੍ਰਧਾਨ ਆਸ਼ਾ ਸ਼ਰਮਾ ਨੇ ਆਏ ਸਾਰੇ ਕਵੀਆਂ ਤੇ ਸਾਹਿਤ ਪ੍ਰੇਮੀਆਂ ਦਾ ਸਵਾਗਤ ਕੀਤਾ। ਉਹਨਾਂ ਨੇ ਦੱਸਿਆ ਕਿ ਅੱਜ ਜ਼ਰੂਰਤ ਹੈ ਕਿ ਅਸੀਂ ਇਕ ਦੂਸਰੇ ਦਾ ਸਹਾਰਾ ਬਣੀਏ ਤੇ ਇਕ ਚੰਗੇ ਸਮਾਜ ਦੀ ਸਿਰਜਣਾ ਕਰੀਏ। ਅਸੀਂ ਅਜਿਹੇ ਸਮਾਜ ਦੀ ਸਿਰਜਣਾ ਕਰੀਏ ਜਿਸ ਵਿੱਚ ਮੱਕਾਰੀ ,ਧੋਖਾ ਧੜੀ , ਗੈਰ ਇਨਸਾਨੀਅਤ ਕੀਤੇ ਨਜ਼ਰ ਨਾ ਆਵੇ ।

ਡਾ. ਉਮਾ ਸ਼ਰਮਾ ਨੇ ਬਾਖੂਬੀ ਮੰਚ ਸੰਚਾਲਣ ਕੀਤਾ ਅਤੇ ਖੂਬਸੂਰਤ ਸ਼ਾਇਰੀ ਸੁਣਾ ਕੇ ਸਾਰਿਆਂ ਤੋਂ ਵਾਹ ਵਾਹ ਖੱਟੀ । ਇਸ ਪ੍ਰੋਗਰਾਮ ਵਿਚ ਕਰਨਾਲ ਤੋਂ ਨਾਮਵਾਰ ਸਾਹਿਤਕਾਰ ਭਾਰਤ ਭੂਸ਼ਣ ਨੇ ਭਾਗ ਲਿਆ ਅਤੇ ਮੌਜੂਦਾ ਹਾਲਾਤਾਂ ਤੇ ਕਵਿਤਾ ਸਾਂਝੀ ਕੀਤੀ। ਇਸ ਪ੍ਰੋਗਰਾਮ ਵਿਚ ਸ਼ਮੂਲੀਅਤ ਕਰਨ ਵਾਲੇ ਸਾਹਿਤਕਾਰ ਸਨ – ਡਾ.ਸੁਰੇਸ਼ ਨਾਇਕ, ਡਾ.ਉਮਾ ਸ਼ਰਮਾ ਡਾ ਸਤਿੰਦਰ ਬੁੱਟਰ , ਡਾ. ਸੁਦੇਸ਼ ਚੁੱਘ, ਡਾ.ਵੀਨਾ ਮਜੂਮਦਾਰ, ਡਾ.ਪੂਨਮ ਗਰੋਵਰ , ਜਾਗ੍ਰਿਤੀ ਗੌੜ, ਭੁਪਿੰਦਰ ਕੌਰ , ਸਨੇਹਾ ਵਿਜ, ਅਰੁਣਾ ਡੋਗਰਾ , ਇੰਦੂ ਪੌਲ, ਆਸ਼ਾ ਸ਼ਰਮਾ , ਕਨੀਜ਼ ਮਨਜ਼ੂਰ, ਸੁਰਿੰਦਰ ਆਲੂਵਾਲੀਆ, ਪਰਕਾਸ਼ ਕੌਰ ਪਾਸ਼ਾਂ, ਸੁਖਦੇਵ ਸਿੰਘ, ਇੰਦਰਜੀਤ ਸਿੰਘ, ਅੰਜੂ ਵੀ ਰੱਤੀ, ਸਰਿਤਾ ਤੇਜੀ, ਮਿਸਟਰ ਅਰਸ਼ਾਂ, ਕਮਲ ਸ਼ਰਮਾ, ਅਮਰਜੀਤ ਸਿੰਘ , ਸੁਖਵਿੰਦਰ ਸਿੰਘ , ਵਤਨਵੀਰ ਸਿੰਘ , ਅਮਰਜੀਤ ਕੌਰ ਅਤੇ ਪਰਮਜੀਤ ਜੈਸਵਾਲ । ਅੰਤ ਵਿਚ ਡਾ. ਉਮਾ ਨੇ ਆਪਣੀ ਇਕ ਬਹੁਤ ਵਧੀਆ ਰਚਨਾ ਦੀ ਸਾਂਝ ਪਾਈ । ਮੁੱਖ ਮਹਿਮਾਨ ਨੇ ਸਭ ਰਚਨਾਵਾਂ ਤੇ ਆਪਣੇ ਵਿਚਾਰ ਦਿੰਤੇ। ਆਸ਼ਾ ਸ਼ਰਮਾ ਤੇ ਡਾ. ਉਮਾ ਨੇ ਸਭ ਆਏ ਕਵੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਰਾਸ਼ਟਰੀ ਕਾਵਿ ਸਾਗਰ ਦਾ ਸਾਵਣ ਨੂੰ ਸਮਰਪਿਤ ਕਵੀ ਦਰਬਾਰ ਬਹੁਤ ਹੀ ਸਫ਼ਲ ਹੋ ਨਿਬੜਿਆ।

## ਆਕਸਫੋਰਡ ਸਕੂਲ ਵਿੱਚ ਅਧਿਆਪਕਾਂ ਲਈ ਕਰਵਾਇਆ ਗਿਆ ਤਿੰਨ ਰੋਜ਼ਾ ਸੈਮੀਨਾਰ

### ਅਧਿਆਪਕਾਂ ਨੂੰ ਐਕਟੀਵਿਟੀ ਅਤੇ ਸਿੱਖਣ ਵਿਧੀ ਅਪਣਾਉਣ ਲਈ ਪ੍ਰੇਰਿਆ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 6 ਜੁਲਾਈ : ਦ ਆਕਸਫੋਰਡ ਸਕੂਲ ਆਫਥ ਐਜੂਕੇਸ਼ਨ ਇੱਕ ਅਜਿਹੀ ਮਾਣ-ਮੱਤੀ ਸੰਸਥਾ ਹੈ, ਜਿਸ ਵਿੱਚ ਵਿਦਿਆਰਥੀਆਂ ਦੀ ਬੋਧਿਕਤਾ ਨੂੰ ਤਰਾਸ਼ਣ ਦੇ ਨਾਲ-ਨਾਲ ਅਧਿਆਪਕਾਂ ਦੀ ਟੀਚਿੰਗ ਸਕਿੱਲ ਨੂੰ ਨਿਖਾਰਨ ਲਈ ਵੀ ਸੈਮੀਨਾਰ ਕਰਵਾਏ ਜਾਂਦੇ ਹਨ। ਇਸੇ ਮਕਸਦ ਤਹਿਤ ਸੰਸਥਾ ਵਿੱਚ ਗਰਮੀਆਂ ਦੀਆਂ ਛੁੱਟੀਆਂ ਦੇ ਅੰਤ ਵਿੱਚ ਤਿੰਨ ਰੋਜਾ



ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦੇ ਪਹਿਲੇ ਸ੍ਰੋਤ 'ਜੁਆਹਨਾ ਫਰਨਾਂਡਿਜ਼' ਵੱਲੋਂ '21ਵੀਂ ਸਦੀ ਵਿੱਚ ਪੜ੍ਹਾਈ ਦਾ ਪੱਧਰ' ਵਿਸ਼ੇ ਉੱਤੇ ਆਪਣੇ ਵਿਚਾਰ ਪੇਸ਼ ਕਰਕੇ ਅਧਿਆਪਕਾਂ ਨੂੰ ਆਉਣ ਵਾਲੇ ਸਮੇ ਵਿੱਚ ਪੜ੍ਹਾਈ ਕਰਾਉਣ ਦੇ ਨਵੇਂ-ਨਵੇਂ ਤਰੀਕਿਆਂ ਤੋਂ ਜਾਣੂ ਕਰਵਾਇਆ। ਸੈਮੀਨਾਰ ਦੇ ਦੂਜੇ ਸ੍ਰੋਤ 'ਪੂਜਾ ਵਾਸ਼ਿਸ਼ਤਾ' ਵੱਲੋਂ ਸਿਲੇਬਸ, ਐਕਟਿਵ ਲਰਨਿੰਗ, ਟੀਚਿੰਗ ਸਕਿੱਲ ਆਦਿ ਵਿਸ਼ੇ ਉੱਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਅਧਿਆਪਕਾਂ ਨੂੰ ਐਕਟੀਵਿਟੀ ਅਤੇ ਸਿੱਖਣ ਵਿਧੀ ਅਪਣਾਉਣ ਲਈ ਕਿਹਾ ਤਾਂ ਕਿ ਵਿਦਿਆਰਥੀਆਂ ਸਹਿਜੇ ਹੀ ਸਿੱਖ ਸਕਣ ਇਸੇ ਤਰ੍ਹਾਂ 3 ਜੁਲਾਈ ਨੂੰ ਸ੍ਰੋਤ 'ਨੇਹਾ ਸੂਦ' ਨੇ ਸਟਰੈੱਸ ਮੈਨਜ਼ਮੈਂਟ ਅਤੇ ਐਗਜ਼ੈਕਿਉਟਿਵ ਲਰਨਿੰਗ ਵਿਸ਼ੇ ਉੱਤੇ ਚਾਨਣਾ ਪਾਉਂਦੇ ਹੋਏ ਪੜ੍ਹਾਈ ਵਿੱਚ ਹੋਰ ਵਧੇਰੇ ਸੋਖੇ ਤਰੀਕੇ ਅਪਨਾਉਣ ਦੇ ਗੁਰ ਸਮਝਾਏ। ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਕਿਹਾ ਕਿ ਸਕੂਲ ਦੀ ਪ੍ਰਬੰਧਕ ਕਮੇਟੀ ਹਮੇਸ਼ਾ ਹੀ ਅਜਿਹੇ ਸੈਮੀਨਾਰ ਆਯੋਜਿਤ ਕਰਦੀ ਹੈ, ਜੋ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਬੇਹੱਦ ਲਾਹੇਵੰਦ ਸਾਬਿਤ ਹੁੰਦੇ ਹਨ। ਇਸ ਸਮੇਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਭਗਤਾ ਭਾਈਕਾ), ਹਰਗੁਰਪ੍ਰੀਤ ਸਿੰਘ(ਚੇਅਰਮੈਨ), ਪਰਮਪਾਲ ਸਿੰਘ ਸ਼ੈਰੀ (ਵਾਈਸ ਚੇਅਰਮੈਨ), ਗੁਰਮੀਤ ਸਿੰਘ ਗਿੱਲ ਅਤੇ ਰਮਨਦੀਪ ਸਿੰਘ ਨੇ ਵੀ ਕਿਹਾ ਕਿ ਜਿੱਥੇ ਅਜਿਹੇ ਸੈਮੀਨਾਰ ਅਧਿਆਪਕਾਂ ਨੂੰ ਦਿਮਾਗੀ ਤੌਰ 'ਤੇ ਤਰੋ-ਤਾਜ਼ਾ ਕਰਦੇ ਹਨ, ਉੱਥੇ ਉਹਨਾਂ ਦੀ ਆਧੁਨਿਕ ਟੀਚਿੰਗ ਸਕਿੱਲ ਨੂੰ ਵੀ ਵਧੇਰੇ ਪ੍ਰਭਾਵਸ਼ਾਲੀ ਬਣਾਉਂਦੇ ਹਨ।

## ਪ੍ਰਾਈਵੇਟ ਅਦਾਰਿਆਂ ਵਿੱਚ ਕੰਮ ਕਰਦੇ ਕਾਮਿਆਂ ਦਾ ਹੁੰਦਾ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਰੋਕਣ ਲਈ ਸਰਕਾਰ ਸਖਤ ਕਾਨੂੰਨ ਬਣਾਏ।

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ




ਫ਼ਰੀਦਕੋਟ 6 ਜੁਲਾਈ : ਪਿਛਲੇ ਦਿਨੀ ਪ੍ਰਾਈਵੇਟ ਅਦਾਰਿਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ, ਕਾਮਿਆਂ ਨਾਲ ਹੁੰਦੇ ਧੱਕੇਸ਼ਾਹੀ ਵਿਰੁੱਧ ਕਾਮਰੇਡ ਵੀਰ ਸਿੰਘ ਕੰਮੇਆਣਾ ਜਿਲਾ ਪ੍ਰਧਾਨ ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ (ਰਜਿ) ਫ਼ਰੀਦਕੋਟ ਤੇ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ ਯੂਨੀਅਨ ਫ਼ਰੀਦਕੋਟ ਦੇ ਜਰਨਲ ਸਕੱਤਰ ਬਲਕਾਰ ਸਿੰਘ ਸਹੋਤਾ ਤੇ ਕਰਨੈਲ ਸਿੰਘ ਕੰਮੇਆਣਾ, ਪੱਤਰਕਾਰ ਸਿਵ ਨਾਥ ਦਰਦੀ , ਗੁਰਦੀਪ ਸਿੰਘ, ਅੰਜੂ ਕੌਰ , ਗੁਰਚਰਨ ਕੌਰ ਆਦਿ ਦੀ ਅਗਵਾਈ ਵਿੱਚ ਇੱਕ ਵਫਦ ਕਿਰਤ ਤੇ ਰੋਜ਼ਗਾਰ ਵਿਭਾਗ ਫਰੀਦਕੋਟ ਦੇ ਡਾਂ.ਕੰਵਲਜੀਤ ਸਿੰਘ ਸੁਲਹਾ ਅਫਸਰ ਤੇ ਲੈਂਬਰ ਇੰਸਪੈਕਟਰ ਅਸੋਕ ਸ਼ਰਮਾਂ ਜੀ ਨੂੰ ਮਿਲ ਕੇ ਉਹਨਾਂ ਰਾਹੀ ਇੱਕ ਮੰਗ ਪੱਤਰ ਕਮਿਸ਼ਨਰ ਕਿਰਤ ਤੇ ਰੋਜ਼ਗਾਰ ਵਿਭਾਗ ਪੰਜਾਬ ਦੇ ਨਾਮ ਫਰੀਦਕੋਟ ਦੇ ਨੂੰ ਦਿੱਤਾ ਗਿਆ ।

ਮੰਗ ਪੱਤਰ ਦਿੰਦਿਆਂ ਸਾਂਝੇ ਤੌਰ ਤੇ ਵੀਰ ਸਿੰਘ ਅਤੇ ਸਹੋਤਾ ਨੇ ਦੱਸਿਆ ਕਿ ਪ੍ਰਾਈਵੇਟ ਅਦਾਰਿਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਦੀ ਹਾਲਤ ਅਤਿ ਤਰਸਯੋਗ ਹੁੰਦੀ ਹੈ। ਉਹਨਾਂ ਕਾਮਿਆਂ ਦਾ ਪ੍ਰਾਈਵੇਟ ਅਦਾਰਿਆਂ ਦੇ ਮਾਲਿਕ ਰੱਜ ਕੇ ਸ਼ੋਸ਼ਣ ਕਰਦੇ ਹਨ ਉਹਨਾਂ ਨੂੰ ਕਿਰਤ ਤੇ ਰੋਜ਼ਗਾਰ ਵਿਭਾਗ ਪੰਜਾਬ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਤਨਖਾਹ ਸਕੇਲ ਤੋਂ ਵੀ ਕਿਤੇ ਘੱਟ ਮਾਸਿਕ ਉਜਰਤ ਦਿੱਤੀ ਜਾਂਦੀ ਹੈ। । ਕੋਈ ਹਫਤਾਵਾਰੀ ਛੁੱਟੀ, ਈ ਪੀ ਫੰਡ ਤੇ ਈ.ਐੱਸ.ਆਈ ਆਦਿ ਕੁੱਛ ਵੀ ਨਹੀ ਕੱਟਿਆ ਜਾਂਦਾ ਹੈ। ਪੰਜਾਬ ਸਰਕਾਰ ਵੱਲੋਂ ਇੰਸਪੈਕਟਰ ਰਾਜ ਤੋਂ ਪ੍ਰਾਈਵੇਟ ਅਦਾਰਿਆਂ ਨੂੰ ਮੁਕਤ ਕਰਨ ਦੀ ਵੀ ਸਖਤ ਨਿਖੇਧੀ ਕੀਤੀ ਹੈ। ਓਨਾਂ ਕਿਰਤ ਤੇ ਰੋਜ਼ਗਾਰ ਵਿਭਾਗ ਪੰਜਾਬ ਸਰਕਾਰ ਨੂੰ ਇਸ ਵੱਲ ਧਿਆਨ ਦੇਣ ਤੇ ਹੋ ਰਹੀ ਲੁੱਟ ਨੂੰ ਰੋਕਣ ਦੀ ਅਪੀਲ ਕੀਤੀ ਹੈ।

ਪੰਜਾਬ ਸਰਕਾਰ ਵੱਲੋਂ 20 ਮੁਲਾਜ਼ਮਾਂ ਤੋਂ ਘੱਟ ਕਾਮਿਆਂ ਵਾਲੇ ਪ੍ਰਾਈਵੇਟ ਅਦਾਰਿਆਂ ਨੂੰ ਇੰਸਪੈਕਟਰ ਰਾਜ ਤੋਂ ਮੁਕਤ ਕਰਨ ਦੀ ਵੀ ਸਖਤ ਨਿਖੇਧੀ ਕੀਤੀ ਹੈ। ਉਹਨਾਂ ਕਿਹਾ ਕਿ ਪ੍ਰਾਈਵੇਟ ਅਦਾਰਿਆਂ ਵਾਲੇ ਕਾਮਿਆਂ ਦਾ ਪਹਿਲੋਂ ਹੀ ਬਹੁਤ ਆਰਥਿਕ ਤੇ ਮਾਨਸਿਕ ਸ਼ੋਸ਼ਣ ਕਰਦੇ ਸਨ। ਉਹਨਾਂ ਮੰਗ ਕੀਤੀ ਹੈ ਕਿ ਇਸ ਕਾਨੂੰਨ ਨੂੰ ਰੱਦ ਕੀਤਾ ਜਾਵੇ। ਇਸ ਸਮੇ ਵਿਭਾਗ ਦਾ ਸਟਾਫ ਸਤਨਾਮ ਸਿੰਘ ਕਲਰਕ, ਗੋਲਡੀ ਸ਼ਰਮਾਂ ਤੇ ਯੁੱਧਵੀਰ ਸਿੰਘ ਆਦਿ ਹਾਜ਼ਰ ਸਨ।

## ਜ਼ਿੰਦਗੀ ਇਕ ਖ਼ੂਬਸੂਰਤ ਮੌਕਾ



ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਜ਼ਿੰਦਗੀ ਇਕ ਖ਼ੂਬਸੂਰਤ ਮੌਕਾ ਹੈ | ਕੁਦਰਤ ਨੇ ਚੌਰਾਸੀ ਲੱਖ ਜੂਨ ਦੀ ਜ਼ਿੰਦਗੀ ਨੂੰ ਇਹ ਖ਼ੂਬਸੂਰਤ ਮੌਕਾ ਸਿਰਫ਼ ਤੇ ਸਿਰਫ਼ ਇਕ ਵਾਰੀ ਹੀ ਦੇਣਾ ਹੈ | ਦੁਬਾਰਾ ਨਹੀਂ, ਬਿਲਕੁਲ ਦੁਬਾਰਾ ਨਹੀਂ | ਇਸ ਨੂੰ ਹਰ ਸਾਲ ਅੰਜ਼ਾਈ ਨਹੀਂ ਗਵਾਉਣਾ ਚਾਹੀਦਾ | ਇਸ ਖ਼ੂਬਸੂਰਤ ਮੌਕੇ ਦੇ ਬਿਹਤਰੀਨ ਕੀਮਤੀ ਤੋਹਫ਼ੇ ਦੀਆਂ ਅਨੇਕਾਂ ਦੀ ਦੁਖ-ਸੁੱਖ ਦੀਆਂ ਸ਼ਾਖਾਵਾਂ ਪੁੰਗਰਦੀਆਂ ਰਹਿੰਦੀਆਂ ਹਨ ਅਤੇ ਸਮੇਂ ਨਾਲ ਮਿਟਦੀਆਂ ਵੀ ਰਹਿੰਦੀਆਂ ਹਨ | ਦੁੱਖਾਂ-ਸੁੱਖਾਂ ਦਾ ਸੁਮੇਲ ਦੀ ਇਸ ਨੂੰ ਚਲਾਉਣ ਲਈ ਨਿਸ਼ਚਿਤ ਹੈ | ਕਿਉਂਕਿ ਇਸ ਸ਼ਰੀਰ ਉਪਰ ਕਵੀ ਅਵਸਥਾਵਾਂ ਆਉਂਦੀਆਂ ਹਨ | ਇਸ ਤਰ੍ਹਾਂ ਬਚਪਨ, ਜਵਾਨੀ, ਪੌੜ੍ਹਤਾ, ਬੁਢਾਪਾ, ਇਹ ਸ਼ਰੀਰਕ ਕਿਰਿਆਵਾਂ ਨਿਸ਼ਚਿਤ ਹਨ |

ਅਗਰ ਜੋ ਮੌਕੇ ਤੁਹਾਨੂੰ ਮਿਲਦੇ ਹਨ ਜਿਨ੍ਹਾਂ ਵਿਚ ਖ਼ੂਬਸੂਰਤੀ ਦੇ ਅਰਥ ਹੁੰਦੇ ਹਨ, ਉਨ੍ਹਾਂ ਨੂੰ ਅਪਣਾਉਣ ਲਈ ਜ਼ੁਰਰਤ, ਮਿਹਨਤ, ਲਗਨ, ਸੰਘਰਸ਼, ਸਮਤਲ ਸੋਚ ਅਤੇ ਉਸ ਪਰਵਰਦਿਗਾਰ ਦਾ ਆਸ਼ੀਰਵਾਦ ਹੋਣਾ ਜ਼ਰੂਰੀ ਹੈ | ਕੁਝ ਲੋਕ ਇਨ੍ਹਾਂ ਮੌਕਿਆਂ ਨੂੰ ਪਾਉਣ ਲਈ ਨਿਝਕ, ਡਰ ਰਹਿਤ ਹੋ ਕੇ ਪਹਿਲ ਕਰ ਲੈਂਦੇ ਹਨ ਅਤੇ ਕੁਝ ਲੋਕ ਸ਼ਰਮਿੰਦਗੀ ਜਾਂ ਝਾਕੇ ਜਾਂ ਡਰ ਜਾਂ ਪ੍ਰਾਪਤੀਆਂ ਦੀ ਵਜ੍ਹਾ ਕਰਕੇ ਮੌਕਾਂ ਗਵਾ ਲੈਂਦੇ ਹਨ ਇਸ ਕਰਕੇ ਉਨ੍ਹਾਂ ਨੂੰ ਸਾਰੀ ਉਮਰ ਪਛਤਾਵਾ ਰਹਿੰਦਾ ਹੈ ਕਿਉਂਕਿ // ਪ੍ਰਾਪਤੀਆਂ ਪਾਉਣਾ ਉਮਰ ਦੇ ਤਕਾਲੇ ਉਪਰ ਨਿਰਭਰ ਕਰਦਾ ਹੈ | ਢਲ ਦੀ ਉਮਰ ਤੁਹਾਡਾ ਸਾਥ ਨਹੀਂ ਦੇ ਸਕਦੀ ਇਹ ਕੁਦਰਤ ਦਾ ਨਿਯਮ ਹੈ | ਕਿ ਸਮਾਂ ਬੜਾ ਬਲਵਾਨਹੈ ਇਹ ਕਿਸੇ ਦੇ ਹੱਥ ਨਹੀਂ ਆਉਂਦਾ, ਜੋ ਬੀਤ ਗਿਆ ਉਹ ਵਾਪਸ ਨਹੀਂ ਆ ਸਕਦਾ | ਇਹ ਕੁਦਰਤੀ ਦੀ ਅਟੱਲ ਸੱਚਾਈ ਹੈ | ਇਸ ਉਪਰ ਕੋਈ ਵਿਗਿਆਨ ਵੀ ਰੋਕ ਨਹੀਂ ਲਗਾ ਸਕਦਾ | ਕੁਦਰਤ ਕੋਲ ਜੋ ਕੁਝ ਹੈ ਮਨੁੱਖ ਇਸ ਨੂੰ ਬਦਲ ਨਹੀਂ ਸਕਦਾ | ਉਸ ਨੂੰ ਖ਼ੂਬਸੂਰਤ ਬਣਾਉਣ ਲਈ ਵਾਧਾ ਜ਼ਰੂਰ ਕਰ ਸਕਦਾ ਹੈ |

ਇਸ ਮੌਕੇ ਵਿਚ ਸਵਰਗ ਵੀ ਹੈ ਅਤੇ ਨਕਰ ਵੀ ਹੈ | ਪਤਝੜ ਦੀ ਅਤੇ ਬਹਾਰ ਵੀ ਹੈ | ਉਨਤੀ ਵੀ ਗਿਰਾਵਟ ਵੀ | ਸ਼ਕਤੀ ਭਗਤੀ ਅਤੇ ਦੁਰਬਲਤਾ ਵੀ | ਉਦਾਸੀਨਤਾ ਅਤੇ ਮਸ਼ਕਰੀ ਵੀ |

ਸੂਰਜ ਚੰਦ ਸਿਤਾਰੇ, ਧਰਤੀ ਇਸ ਮੌਕੇ 'ਤੇ ਪੂਰਨ ਗਵਾਹ ਹਨ |

ਸੂਰਜ ਚੰਨ ਸਿਤਾਰੇ ਅਤੇ ਧਰਤੀ ਸ਼ੌਕ ਨਹੀਂ ਦ੍ਰਿਸ਼ ਰੂਪ ਵਿਚ ਚਿਰੰਜੀਵ ਹਨ ਜੋ ਕਦੀ ਸਮੇਂ ਨਹੀਂ// ਪਰ ਜ਼ਿੰਦਗੀ ਇਕ ਮੌਕਾ ਪਾ ਕੇ ਅਦ੍ਰਿਸ਼ ਹੋ ਜਾਂਦੀ ਹੈ |

ਹਰ ਤਰ੍ਹਾਂ ਦਾ ਸਾਹਿਤ ਅਤੇ ਹਰ ਤਰ੍ਹਾਂ ਦਾ ਵਿਗਿਆਨ (ਪ੍ਰਾਪਤੀਆਂ) ਇਕ ਮੌਕੇ ਨੂੰ ਸਮੇਂ ਨੂੰ ਕੈਦ ਕਰ ਲੈਂਦਾ ਹੈ | ਸਾਹਿਤ ਹੀ ਸੋਕੇ ਨੂੰ ਸ/// ਨੂੰ ਸਮੇਂ ਨੂੰ ਕੈਦ ਕਰ ਸਕਦਾ ਹੈ | ਸ਼ਬਦਾਂ ਦੀ //// ਵਿਚ ਬੰਦ ਕਰ ਸਕਦਾ ਹੈ | ਅਤੇ ਕਰ ਲੈਂਦਾ ਹੈ | ਵਿਗਿਆਨਕ ਖੋਜ਼ਾਂ ਅਤੇ //// ਸਮੇਂ ਨੂੰ ਮੁੱਠੀ ਵਿਚ ਬੰਦ ਕਰ ਲੈਂਦੀਆਂ ਹਨ ਪਰ ਮਨੁੱਖ ਨੂੰ ਜ਼ਿੰਦਗੀ ਦਾ ਮੌਕਾ ਇਕ ਵਾਰ ਹੀ ਮਿਲਦਾ ਹੈ | ਇਸ ਪਿੱਛੇ ਲਗਨ, ਸ਼ਕਤੀ, ਭਗਤੀ, ਸੰਘਰਸ਼, ਉਦਮ, ਕਰਮਠਤਾ, ਧੀਰਜ਼, ਨਿਸ਼ਚਾ, ਇਮਾਨਦਾਰੀ, ਮਿਹਨਤ, ਸਾਕਾਰਤਮਿਕ ਸੋਚ ਅਤੇ ਵਿਵੇਕ ਸ਼ੀਲਤਾ ਦੀ ਜ਼ਰੂਰਤ ਹੁੰਦੀ ਹੈ |

ਕਈ ਲੋਕ ਮੌਕੇ ਲਭ ਲੈਂਦੇ ਹਨ ਅਤੇ ਕਈਆਂ ਨੂੰ ਮੌਕੇ ਲੱਭਣੇ ਨਹੀਂ ਆਉਂਦੇ | ਮੌਕੇ ਦੀ ਇਬਾਰਤ, ਇਬਾਦਰ ਮਿਲਣਾ ਕੁਦਰਤ ਉਪਰ ਵੀ ਨਿਰਭਰ ਕਰਦਾ ਹੈ |

ਖ਼ੂਬਸੂਰਤ ਸਕਿਲ ਪਾਉਣੀ ਹੋਵੇ ਤਾਂ ਨੀਂਦ ਨਹੀਂ ਆਉਂਦੀ | ਮਿਹਨਤ, ਮਜ਼ਬੂਰ ਕਰਦੀ ਹੈ | ਮਕੇ ਵਲਵਲੇ ਲੈਂਦੇ ਹਨ | ਮੰਜ਼ਿਲ ਪਾਉਦੀ ਹੋਵੇ ਤਾਂ ਹਿਰਦੇ ਵਿਚ ਇਕ ਰੋੜਾ ਮਾਰੇ ਵਾਂਗ ਰੜਕਦਾ ਰਹਿੰਦਾ ਹੈ |

ਇਸ ਖ਼ੂਬਸੂਰਤ ਮੌਕੇ ਵਿਚ ਬਹੁਤ ਕੁਝ ਤੁਹਾਡੇ ਉਪਰ ਨਿਰਭਰ ਕਰਦਾ ਹੈ ਅਤੇ ਬਹੁਤ ਕੁਝ ਕੁਦਰਤ ਉਪਰ ਹੀ ਨਿਰਭਰ ਕਰਦਾ ਹੈ | ਹਾਲਾਤਾਂ ਅਤੇ ਘਟਨਾਵਾਂ ਦੀਆਂ ਪਰਸਥਿਤੀਆਂ ਵੀ ਮੌਕੇ ਨੂੰ ਨਿਰਭਰ ਕਰਦੀਆਂ ਹਨ | ਸੰਭਲ ਕੇ ਉਠਣਾ ਅਤੇ ਫਿਰ ਉਸੇ ਹੀ ਰਫ਼ਤਾਰ ਦੇ ਕਦਮਾਂ ਵਿਚ ਚਲਣਾ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਦੇ ਅਰਥ ਮਿਲਦੇ ਹਨ |

ਕਈ ਵਾਰ ਸੌਦਾ ਤੁਹਾਡੀ ਦਹਿਲੀਜ਼ ਉਪਰ ਖ਼ੁਟ-ਖ਼ੁਟ ਹੀ ਆ ਜਾਂਦਾ ਹੈ ਪਰ ਤੁਸੀਂ ਆਪਣੀ ਨਾਲਾਇਕੀ ਦੇ ਆਲਸ ਨਾ ਭੈਅ ਲਾ ਸਮਝੀ ਜਾਂ ਜ਼ੁਰਰਤ ਨਾ ਹੋਣ ਕਰਕੇ ਛੱਡ ਦਿੰਦੇ ਹੋ | ਅਲਬਤਾ ਇਸ ਦੀ ਅਪ੍ਰਾਪਤੀ ਸਾਰੀ ਉਮਰ ਪੈਰ੍ਹ ਇਹ ਫਸੇ ਤਿੱਖੇ ਨੇਕ ਵਾਰ ਕੰਡੇ ਦੀ ਚੀਸ ਵਾਂਗ ਚੁਬਦੀ ਰਹਿੰਦੀ ਹੈ | ਇਸ ਵਿਚ ਲਹੂ ਜਾਂ ਨਹੀਂ ਸਿਮਟਾ ਪਰ ਦਰਦ ਭਰੀ ਟੀਸ ਛਲਦੀ ਰਹਿੰਦੀ ਹੈ |

ਦੁਨੀਆਂ ਵਿਚ ਜਿੰਨੇ ਵੀ ਮਹਾਨ ਪ੍ਰਾਪਤੀਆਂ ਯੁਕਤ ਵਿਅਕਤੀ ਹੋਏ ਹਨ, ਉਨ੍ਹਾਂ ਨੇ ਮੌਕੇ ਦਾ ਸਮੇਂ ਦਾ ਪੂਰਾ ਪੂਰਾ ਫਾਇਦਾ ਲੈ ਕੇ ਉਚ ਦਰਜ਼ੇ ਦੇ ਕੀਰਤੀਮਾਨ ਸਥਾਪਿਤ ਦੀ ਹੈ ਅਤੇ ਬਹੁਤ ਸਾਰੇ ਲੋਕ ਟੈਂਟਾਂ ਦੇ ਵੀ ਹਨ ਜਿਨ੍ਹਾਂ ਨੇ ਕੁਝ ਮਜ਼ਬੂਰੀਆਂ, ਲਾਚਾਰੀਆ ਕਰਕੇ ਖ਼ੂਬਸੂਰਤ ਮੌਕੇ ਛੱਡ ਦਿੱਤੇ ਜਾਂ ਛੱਡਦੇ ਪਏ | ਉਨ੍ਹਾਂ ਮੌਕੇ ਦੇ ਰਸਤਿਆਂ ਨੂੰ ਅਪਣਾਇਆ ਹੀ ਨਹੀਂ ਬਲਕਿ ਉਹ ਮੰਜ਼ਿਲ ਤੋਂ ਵੀ ਵਾਂਝੇ ਰਹਿ ਗਏ, ਇਹ ਨਹੀਂ ਕਿ ਉਨ੍ਹਾਂ ਲੋਕਾਂ ਕੋਲ ਉਚ ਕੋਟੀ ਦਾ ਦਿਮਾਗ ਜਾਂ ਵਿਵੇਕਸ਼ੀਲਤਾ ਨਹੀਂ ਸੀ ਜਾਂ ਵਿਦਿਆ ਨਹੀਂ ਸੀ | ਅਲਬਰਾ/ ਉਨ੍ਹਾਂ ਨੇ ਸਿਰਫ਼ ਤੇ ਸਿਰਫ਼ ਜ਼ੁਰਰਤ ਅਤੇ ਦਲੇਰੀ ਨੂੰ ਨਹੀਂ ਵਰਤਿਆ |

ਝਾਕਾ ਅਤੇ ਡਰ ਮਨੁੱਖ ਨੂੰ ਕਮਜ਼ੋਰ ਕਰ ਦਿੰਦਾ ਹੈ | ਇਸ ਵਿਅਕਤੀ ਵਿਚ ਸਾਕਾਰਤਮਿਕ ਡਰ ਹੈ, ਉਹ ਅੱਗੇ ਵਧਦਾ ਹੈ ਇਸ ਵਿਚ ਨਾਕਾਰਤਮਿਕ ਡਰ ਹੈ, ਉਹ ਬੰਦਾ ਕਦੀ ਵੀ ਆਪਣੀ ਮੰਜ਼ਿਲ ਤਕ ਨਹੀਂ ਪਹੁੰਚ ਸਕਦਾ, ਕਿ ਨਾਕਾਰਤਮਿਕ ਡਰ ਵਿਚ ਸਾਹਮਣਾ ਕਰਨ ਦੀ ਜ਼ਰੂਰਤ ਨਹੀਂ ਹੁੰਦੇ | ਮੰਜ਼ਿਲ ਇਸ ਦੀ ਹੈ ਪਰ ਉਨ੍ਹਾਂ ਦੇ ਕੰਡਿਆਲੇ ਤਾਰਾਂ ਤੋਂ ਘਬਰਾ ਕੇ ਅੱਗੇ ਨਹੀਂ ਜਾਂਦਾ ਪਰ ਜੋ ਵਿਅਕਤੀ ਇਸ ਨਾਕਰਾਤਮਿਕ ਡਰ ਤੋਂ ਸੁਚੇ ਹੋ ਕੇ ਸਾਕਰਾਤਮਿਕ ਡਰ ਅਪਣਾ ਲੈਂਦੇ ਹਨ | ਭੈਅ ਦਾ ਸਦਉਪਯੋਗ ਕਰਦੇ ਹਨ, ਉਹ ਕੰਡਿਆਲੇ ਰਾਵਾਂ ਦੇ ਕੰਢੇ ਇਕ ਪਾਸੇ ਕਰਕੇ ਅਪਣਾ ਰਸਤਾ ਬਣਾ ਲੈਂਦੇ ਹਨ | ਕਿ ਇਹ ਕੰਡੇ ਇਕ ਪਾਸੇ ਕਰਨ ਲਈ ਬੁੱਧੀ, ਦਿਮਾਗ, ਸਮਾਂ, ਦਲੇਰੀ ਚਾਹੀਦੀਹੈ | ਹੱਥ ਲਹੂ ਲੁਹਾਣ ਵੀ ਹੋ ਸਕਦੇ ਹਨ ਪਰ ਉਹ ਲੋਕ ਮੰਜ਼ਿਲ ਪਾ ਲੈਂਦੇ ਹਨ | ਇਸ ਵਿਚ ਸਮਾਂ ਜ਼ਰੂਰੀ ਬੰਨਣਾ ਪੈਂਦਾ ਹੈ | ਇਸ ਵਿਚੋਂ//ਦੀਆਂ ਪ੍ਰਾਪਤੀਆਂ ਦੀਆਂ ਕਰੂਬਲਾਂ ਫੁੱਟਦੀਆਂ ਹਨ, ਇੰਨਾਂ ਦੇ ਅਕੁੰਰ 'ਚੋਂ ਅਨੇਕਾਂ ਹੀ ਬੀਜ ਪੈਦਾ ਹੁੰਦੇ ਹਨ |

ਜ਼ਿੰਦਗੀ ਦਾ ਮੌਕਾ ਇਕ ਵਾਰੀ ਹੀ ਮਿਲਦਾ ਹੈ, ਤੁਸੀਂ ਉਮਰ ਦੇ ਤਕਾਜ਼ੇ ਵਿਚ ਜੋ ਬਣ ਗਏ ਸੋ ਬਣ ਗਏ | ਕਈ ਮਨੁੱਖ ਮੌਕਿਆਂ ਦੀ ਤਲਾਸ਼ ਵਿਚ ਰਹਿੰਦੇ ਹਨ ਅਤੇ ਪ੍ਰੋੜ ਉਮਰ ਵਿਚ ਜਾ ਕੇ ਸਮੇਂ ਨੂੰ ਬੰਨ ਲੈਂਦੇਹਨ | ਆਪਣੀ ਸਮਤਲ ਸੋਚ ਨਾਲ ਸਿੱਧਣ ਅਤੇ ਮੰਨਣ ਦੀ ਭਾਵਨਾ ਨਾਲ | ਅੱਗੇ ਵਧਣਾ ਸ਼ੁਰੂ ਕਰਦੇ ਹਨ ਸਿੱਖ ਸਿੱਖ ਕੇ ਪੜ ਪੜ੍ਹ ਕੇ, ਉਸਤਾਦਾਂ ਦੀ ਮਦਦ ਨਾਲ ਮੰਜ਼ਿਲ ਤਕ ਜਾ ਪਹੁੰਚਦੇ ਹਨ |

Êਪਰ ਵਡੇਰੀ ਉਮਰ ਵਿਚ ਜਾ ਕੇ ਮੰਜ਼ਿਲ ਨੂੰ ਪਾਉਣਾ ਆਸਾਨ ਨਹੀਂ ਹੁੰਦਾ | ਕੋਈ ਵਿਰਲਾ ਟਾਂਵਾ ਮਨੱੁਖ ਹੀ ਤਰੱਕੀ ਦੀਆਂ ਮੰਜ਼ਿਲਾਂ ਛੂਹ ਸਕਦੇ ਹਨ ਜਾਂ ਕਹਿ ਲਿਆ ਜਾਵੇ ਕਿ ਸਮਾਂ ਉਨ੍ਹਾਂ ਦੇ ਹੱਕ ਵਿਚ ਅਤੇ ਉਹ ਸਮੇਂ ਦੇ ਹੱਕ ਵਿਚ ਕਿਸਮਤ ਦਾ ਸਹਾਰਾ ਲੈ ਲੈਂਦੇ ਹਨ |

ਇਸ ਮੌਕੇ ਦੇ ਅਮੀਰੀ ਅਤੇ ਗ਼ਰੀਬੀ ਦੇ ਦੋ ਪਹਿਲੂ ਹਲ | ਇਨ੍ਹਾਂ ਵਿਚ ਦੁੱਖ-ਸੁੱਖ ਸਾਂਝਾ ਹੁੰਦਾ ਹੈ, ਉਮਰ ਦੇ ਤਕਾਜ਼ੇ ਸਾਂਝੇ ਹੁੰਦੇ ਹਨ | ਕਈ ਵਿਅਕਤੀ ਗ਼ਰੀਬੀ 'ਚੋਂ ਉਠ ਕੇ ਬੁਲੰਦੀਆਂ ਸ਼ੁਹਰਤ ਅਤੇ ਉਚੇ ਪਦ ਨੂੰ ਹਾਸਿਲ ਕਰ ਗਏ ਪਰ ਕਈ ਅਮੀਰ ਵਿਅਕਤੀ ਤਲਾਤਾਂ ਦੀ ਘਟਨਾਵਾਂ ਇਹ ਸਾਰਾ ਸਮੇਂ ਸਮੇਂ ਸੋਕੇ ਦਾ ਖੇਲ ਹੈ |

ਜ਼ਿੰਦਗੀ ਬਹੁਤ ਛੋਟੀ ਹੈ ਜਿਵੇਂ ਖ਼ੂਬਸੂਰਤ /// ਪਤੇ ਦੀ ਨੋਕ 'ਤੇ ਖੜੀ ਸ//

ਤੁਸੀਂ ਕੀ ਚਾਹੁੰਦੇ ਹੋ? ਬਣ ਸਕਦੇ ਹੋ, ਪਰ ਤੁਹਾਨੂੰ ਚੰਗੀ ਸੱਚੀ ਸੁੱਚੀ ਈਮਾਨਦਾਰੀ ਵਾਲੀ ਰਹਿ ////ਵਿਵੇਕ ਸ਼ੀਲਤਾ ਅਤੇ ਉਦਮ ਦੀ ਜ਼ਰੂਰਤ ਹੇ, ਇਸ ਤਰ੍ਹਾਂ ਇਕ ਬੀਜ਼ ਤੋਂ ਬਾਅਦ ਪੁੰਗਰਦੇ ਪੌਦੇ ਨੂੰ ਮਾਲੀ ਦੀ, ਸੂਰਜ ਦੀ/// ਦੀ ਖ਼ਾਦ ਆਦਿ ਦੀ ਜ਼ਰੂਰਤ ਹੁੰਦੀ ਹੈ |

ਪ੍ਰੇਰਣਾ ਅਤੇ ਉਤਸ਼ਾਹ ਤਰੱਕੀ ਦਾ ਮੂਲ ਮੰਤਰ ਹੈ | ਅਗਰ ਇਹ ਦੋਵੇਂ ਈਮਾਨਦਾਰੀ ਵਾਲੇ ਮਿਲ ਜਾਣ ਤਾਂ ਸਰਵੋਤਮ ਕੀਰਤੀਮਾਨ ਪੈਦਾ ਕੀਤੇ ਜਾਂਦੇ ਹਨ | ਸ. ਤੋਂ ਲੈ ਕੇ ਭਗਵਾਨ ਤਕ ਪ੍ਰੇਰਣਾ ਅਤੇ ਉਤਸ਼ਾਹ ਬਲ ਪੂਰਵਕ ਮਿਲੇ ਤਾਂ ਮੌਕਿਆਂ ਵਿਚ ਬੁਲੰਦੀ ਆ ਜਾਂਦੀ ਹੈ |

ਦੋਸਤੋ, ਖ਼ੁਸ਼ੀ ਪਰਮਾਤਮਾ ਨਹੀਂ ਦਿੰਦਾ ਖ਼ੁਸ਼ੀ ਤੁਹਾਨੂੰ ਲਭਣੀ ਪੈਂਦੀ ਹੈ, ਘਰ 'ਚੋਂ ਬਾਹਰ 'ਚੋਂ, ਸਬਰ, ਧਰਤੀ, ਦਰਿਆ, ਮਨੁੱਖ, ਆਲੇ ਦੁਆਲੇ ਵਿਚੋਂ ਪਰਮਾਤਮਾ ਦਾ ਤਾਂ ਸਿਰਫ਼ ਆਸੀਰਵਾਦ ਸਭ ਲਈ ਹੁੰਦਾ ਹੈ |

ਇਹ ਖ਼ੂਬਸੂਰਤ ਤਕ ਹੀ ਤੁਹਾਡਾ ਪਰਮਾਤਮਾ ਹੈ, ਤੁਹਾਡਾ ਪੁੱਤਰ ਹੈ, ਤੁਹਾਡਾ ਦੋਸਤ ਹੈ ਹੋਰ ਕੋਈ ਨਹੀਂ | ਤੜਕ ਸਵੇਰੇ ਉਠੋ, ਸ਼ੀਸ਼ੇ ਮੂਹਰੇ ਖੜ ਕੇ ਹਿਸ ਸ਼ਰੀਰ ਨੂੰ ਗਹੁ ਨਾਲ ਵੇਖੋ ਤੇ ਸੋਚੋ ਇਹ ਮੌਕਾ ਇਕ ਵਾਰੀ ਹੀ ਮਿਲਿਆ ਹੈ | ਫਿਰ ਇਨ੍ਹਾਂ ਨੂੰ ਪੁੱਤਰਾਂ ਵਾਂਗ ਪਿਆਰ ਕਰੋ, ਲਾਡੀਆਂ ਕਰੋ, ਇਸਨਾਲ ਗੱਲਾਂ ਕਰੋ, ਦੈਨਿਕ ਕਾਰਜ ਦੀ ਸ਼ੁਰੂਆਤ ਇਸ ਤੋਂ ਸ਼ੁਰੂ ਕਰੋ, ਇਸ ਤੋਂ ਪੁੱਛੋ ਕਿ ਤੂੰ ਕੀ ਕਰਨਾ, ਕੀ ਖਾਣਾ ਹੈ, ਕੀ ਪਹਿਨਣਾ ਹੈ, ਆਦਿ ਇਹ ਹੀ ਤੁਹਾਡਾ ਅਸਲੀ ਰੱਬ ਹੈ | ਇਸ 'ਚੋਂ ਹੀ ਸਾਰੇ ਮੌਕੇ ਮਿਲਦੇ ਹਨ | ਇਹ ਹੀ ਤਰੱਕੀ ਦਾ ਸੂਤਰਧਾਰ ਹੈ, ਇਸ ਨੂੰ ਵੱਸ ਕਰ ਲਿਆ ਜਾਵੇ ਤਾਂ ਉਹ ਕਰਜ਼ੇ ਦੀ ਸਫ਼ਲਤਾ ਤੁਹਾਡੇ ਪੈਰ ਚੁੰਮੇਗੀ |

ਜ਼ਿੰਦਗੀ ਏਨੀ ਲੰਬੀ ਨਹੀਂ ਕਿ ਹਜ਼ਾਰ ਸਾਲ ਜੀਦਾ | ਜ਼ਿੰਦਗੀ ਬਹੁਤ ਛੋਟੀ ਹੈ | ਕੰਮ ਕਰਨ ਦੀ ਉਪਰ ਤੰਦਰੁਸਤੀ ਦੇ ਨਾਲ ਬਿਮਾਰੀ ਰਹਿਤ ਰਹਿ ਕੇ ਬੰਦਾ 80-85 ਸਾਲ ਤਕ ਕੰਮ ਕਰ ਸਕਦਾ ਹੈ | ਭਾਰੀ ਅਤੇ ਖੇਚਲ ਰਹਿਤ ਕਾਰਨ ਹੋਵਣ ਤਾਂ ਜਾਂ ਕੇ ਉਹ ਸਹੀ ਅਗਵਾਈ ਕਰ ਸਕਦਾ ਹੈ ਕਿ 80 ਸਾਲਾਂ ਤੋਂ ਬਾਅਦ ਬਹੁਤ ਘੱਟ ਲੋਕਾਂ ਕੋਲ ਊਰਜਾ, ਸੋਚ ਬਚਦੀ ਹੈ |

ਦੋਸਤੋਂ ਜ਼ਿੰਦਗੀ ਬਹੁਤ ਛੋਟੀ ਹੈ, ਇਕ ਖ਼ੂਬਸੂਰਤ ਸੌਕਾ ਹੈ | ਇਸ ਨੂੰ ਅੰਝਾਈ ਦਾ ਗਵਾਰਾ |

## ਭਾਈ ਤਾਰੂ ਸਿੰਘ ਜੀ



ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਸਾਰੀ ਅਠਾਰਵੀਂ ਸਦੀ ਸਿੱਖਾਂ ਲਈ ਬੜੀ ਕਰੜੀ ਪ੍ਰੀਖਿਆ ਦਾ ਸਮਾਂ ਰਿਹਾਂ ਹੈ। ਇਕ ਪਾਸੇ ਮੁਗਲ, ਦੁਰਾਨੀ, ਈਰਾਨੀ ਤੇ ਅਫ਼ਗ਼ਾਨ ਪੰਜਾਬ ਵਿੱਚ ਆਪਣੇ ਆਪ ਨੂੰ ਤਕੜਾ ਕਰਨ ਦਾ ਯਤਨ ਕਰ ਰਹੇ ਸਨ। ਦੂਜੇ ਪਾਸੇ ਦੇਸ਼ ਆਜ਼ਾਦ ਕਰਨ ਲਈ ਇਥੋਂ ਦੇ ਵਸਨੀਕਾਂ ਲਈ ਜਦੋਂ ਜਹਿਦ ਨੂੰ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖ ਰਾਜ ਦੀ ਸਥਾਪਨਾ ਦੇ ਵਿਚ ਬਹੁਤ ਸਿੱਖਾਂ ਦਾ ਕਤਲ ਹੋਇਆ

ਇਨ੍ਹਾਂ ਮਹਾਨ ਸਿਖਾਂ ਦੀ ਸ਼ਹਾਦਤ ਵਿਚ ਇਕ ਤਾਰੂ ਸਿੰਘ ਵੀ ਸਨ।

ਭਾਈ ਤਾਰੂ ਸਿੰਘ ਇਕ ਮਾਝੇ ਦੇ ਪਿੰਡ ਪਹੂਲਾ ਦੇ ਵਸਨੀਕ ਸਨ। ਖੇਤੀ ਕਰ ਕੇ ਨਾਮ ਜਪ ਕੇ ਸ਼ਾਂਤੀ ਨਾਲ ਜੀਵਨ ਬਤੀਤ ਕਰਦੇ ਸਨ। ਆਏ ਗਏ ਖਾਲਸੇ ਦੀ ਸੇਵਾ ਕਰਦੇ ਤੇ ਰਾਤ ਨੂੰ ਰਹਿਣ ਦੀ ਥਾਂ ਦੇਂਦੇ ਸਨ। ਜਦੋਂ ਸਰਕਾਰੀ ਐਲਾਨ ਹੋ ਗਿਆ ਜੋਂ ਵੀ ਸਿੱਖਾਂ ਦਾ ਸਿਰ ਲੈ ਕੇ ਆਏਗਾ ਉਂਸ ਨੂੰ ਇਨਾਮ ਮਿਲੇਗਾ। ਭਾਈ ਤਾਰੂ ਸਿੰਘ ਜੀ ਦਾ ਪਿੰਡ ਵਿਚ ਬਹੁਤ ਸਤਿਕਾਰ ਸੀ।

ਇਕ ਲਾਲਚੀ ਖੱਤਰੀ ਨਿਰੰਜਨੀ ਨਿਕਲਿਆ ਜਿਸ ਨੇ ਲਹੌਰ ਦੇ ਸੂਬੇਦਾਰ ਖਾਨ ਬਹਾਦਰ ਜ਼ਕਰੀਆ ਖਾਨ ਨੂੰ ਸ਼ਿਕਾਇਤ ਕੀਤੀ ਕਿ ਉਸ ਦੇ ਪਿੰਡ ਇਕ ਸਿੱਖ ਵਸਦਾ ਹੈ। ਜਿਸ ਕੋਲ ਡਾਕੂ ਆ ਕੇ ਠਹਿਰਦੇ ਹਨ ਇਲਾਕੇ ਨੂੰ ਵਖਤ ਪਾਇਆ ਹੋਇਆ ਹੈ

ਉਸ ਦੀ ਸ਼ਿਕਾਇਤ ਤੇ ਜ਼ਕਰੀਆ ਖਾਨ ਨੇ ਤੁਰੰਤ ਭਾਈ ਜੀ ਗਿਰਫ਼ਤਾਰ ਕਰਕੇ ਸਾਹਮਣੇ ਪੇਸ਼ ਦਾ ਹੁਕਮ ਕਰ ਦਿੱਤਾ।

ਜਦੋਂ ਫੋਜ਼ ਭਾਉ ਜੀ ਗਿਰਫ਼ਤਾਰ ਕਰਨ ਲਈ ਪਹੁੰਚੀ ਸਾਰੇ ਪਿੰਡ ਦੇ ਲੋਕਾਂ ਨੇ ਭਾਈ ਸਾਹਿਬ ਦੇ ਖੜੇ ਹੋ ਗਏ ਤੇ ਭਾਈ ਤਾਰੂ ਸਿੰਘ ਜੀ ਨੇ ਸਭ ਨੂੰ ਪਿੱਛੇ ਹਟਣ ਦਾ ਹੁਕਮ ਦਿੱਤਾ। ਫੋਜ਼ ਭਾਈ ਸਾਹਿਬ ਨੂੰ ਲੈਹੈਂ ਚਲੀ ਗਈ।

ਲਾਹੌਰ ਲਿਆ ਕੇ ਭਾਈ ਤਾਰੂ ਸਿੰਘ ਜੀ ਨੂੰ ਜ਼ਕਰੀਆ ਖਾਨ ਦੇ ਅੱਗੇ ਪੇਸ਼ ਕੀਤਾ ਗਿਆ। ਖਾਨ ਨੇ ਆਖਿਆ ਤੁਸੀਂ ਸਿੱਖਾਂ ਦੀ ਮਦਦ ਕਰਦੇ ਹੋ।

ਭਾਈ ਜੀ ਨੇ ਬੜੀ ਦਲੇਰੀ ਨਾਲ ਆਖਿਆ ਕੇਵਲ ਥਾਂ ਹੀ ਨਹੀਂ ਮੈਂ ਸਗੋਂ ਆਪਣੀ ਪੂਰੀ ਵਿਚ ਅਨੁਸਾਰ ਸੇਵਾ ਵੀ ਕਰਦਾ ਹਾਂ। ਖਾਲਸਾ ਦੇ ਸੇਵਾ ਕਰਨਾ ਮੈਂ ਆਪਣਾ ਧਰਮ ਸਮਝਦਾ ਹਾਂ।

ਸੂਬੇ ਨੇ ਕਿਹਾ ਅੱਜ ਤੋਂ ਤੁਸੀ ਸਾਨੂੰ ਵਿਸ਼ਵਾਸ ਦਿਵਾ ਸਕਦੇ ਹੋ ਆਖਿਆ ਨਾ ਕਰੋਗੇ।

ਭਾਈ ਤਾਰੂ ਸਿੰਘ ਜੀ ਕਿਹਾ ਬਿਲਕੁਲ ਨਹੀਂ। ਮੈਂ ਖਾਲਸਾ ਦੀ ਸੇਵਾ ਛੱਡਣਾ ਮੌਤ ਤੋਂ ਵੀ ਭੈੜੀ ਗੱਲ ਹੈ। ਭਾਈ ਸਾਹਿਬ ਦੀ ਗੱਲ ਸੁਣਕੇ ਜ਼ਕਰੀਆ ਖਾਨ ਨੇ ਕਾਜ਼ੀ ਨੂੰ ਹੁਕਮ ਦਿੱਤਾ ਇਹਦੇ ਸਿਰ ਦੇ ਵਾਲ ਕੱਟ ਦਿੱਤੇ ਜਾਣ

ਇਹ ਸਿੱਗੁ ਦਾ ਬਹੁਤ ਮਾਣ ਕਰਦਾ ਹੈ ਇਸ ਨੂੰ ਪਤਿਤ ਕੀਤਾ ਜਾਵੇ। ਭਾਈ ਸਾਹਿਬ ਇਹ ਕਦੀ ਵੀ ਬਰਦਾਸ਼ਤ ਨਹੀਂ ਕਰ ਸਕਦੇ ਸੀ ਕੋਈ ਉਹਨਾਂ ਦੇ ਕੇਸਾਂ ਬਾਰੇ ਆਖੇ । ਉਹਨਾਂ ਦੇ ਨੇਤਰ ਬੰਦ ਹੋ ਗਏ ਤੇ ਅਕਾਲ ਪੁਰਖ ਨਾਲ ਲਿਵ ਜੁੜ ਗਿਆ।

ਅਰਦਾਸ ਕੀਤੀ ਮੈਰੀ ਸਿੱਖੀ ਕੇਸਾਂ ਸੁਆਸਾਂ ਸੰਗ ਨਿਭੇ।

ਜਦ ਸਰਕਾਰੀ ਆਦਮੀ ਕੇਸ ਕੱਤਲ ਕਰਨ ਲਈ ਨੇੜੇ ਆਇਆ ਤਾਂ ਭਾਈ ਤਾਰੂ ਸਿੰਘ ਜੀ ਨੇ ਜ਼ੋਰ ਦੀ ਲੱਤ ਮਾਰੀ। ਇਕ ਆਦਮੀ ਦੂਰ ਜਾ ਗਿਰਿਆ ਫੜਕਣ ਲੱਗ ਪਿਆ। ਇਹ ਦੇਖ ਕੇ ਕਏ,ਹੈ ਆਦਮੀਆਂ ਨੇ ਉਹਨੂੰ ਪਕੜ ਲਿਆ ਜਦੋਂ ਨਾਈ ਨੇੜੇ ਆਇਆ ਤਾਂ ਜ਼ੋਰ ਨਾਲ ਆਪਣਾ ਸਿਰ ਉਸ ਦੇ ਸਿਰ ਵਿਚ ਮਾਰਿਆ ਤੇ ਉਹ ਲਹੂ ਲੁਹਾਨ ਹੋ ਗਿਆ। ਇਸ ਤੇ ਮੋਚੀ ਸਦਿਆ ਗਿਆ ਤੇ ਉਸ ਨੂੰ ਆਖਿਆ ਇਸ ਦੀ ਖੋਪੜੀ ਦਾ ਉਪਰਲਾ ਹਿੱਸਾ ਰੰਬੀ ਨਾਲ ਉਤਾਰ ਦਿੱਤਾ ਜਾਵੇ। ਉਹਨੇ ਵੀ ਯਤਨ ਕੀਤਾ। ਕੁਝ ਇਤਿਹਾਸਕਾਰਾਂ ਲਿਖਦੇ ਹਨ ਰੰਬੀ ਨਾਲ ਉਹਦੇ ਸਿਰ ਦਾ ਉਪਰਲਾ ਹਿੱਸਾ ਉਤਾਰ ਦਿੱਤਾ ਗਿਆ। ਪਰ ਕੁਝ ਲਿਖਦੇ ਹਨ ਉਹਨਾਂ ਦਾ ਸਿਰ ਜਦ ਇਸ ਤਰ੍ਹਾਂ ਵੀ ਨਾ ਕੱਟਿਆ ਜਾ ਸਕਿਆ ਤਾਂ ਤਰਖਾਣ ਨੂੰ ਸੱਦ ਕੇ ਆਰੇ ਨਾਲ ਚਿਰਵਾ ਦਿੱਤਾ ਗਿਆ। ਭਾਈ ਤਾਰੂ ਸਿੰਘ ਦੇ ਸਿਰ ਦਾ ਸ਼ਹਿਰ ਵਿਚ ਜਲੂਸ ਕੱਢਿਆ ਗਿਆ ਤਾਂ ਕਿ ਬਾਕੀ ਦੇ ਸਿੱਖ ਸੁਣ ਕੇ ਡਰ ਜਾਣ। ਸਰਕਾਰ ਦੇ ਵਿਰੁੱਧ ਵਿਚ ਆਪਣੀ ਜਦੋਂ ਜਹਿਦ ਸ਼ਾਇਦ ਬੰਦ ਕਰ ਦੇਣ ਪਰ ਉਹਨਾਂ ਨੂੰ ਇਹ ਨਹੀਂ ਪਤਾ ਕਿ ਸਹਿਦਾ ਦੇ ਖੂਨ ਦੀ ਇਕ ਬੂੰਦ ਅਨੇਕਾਂ ਨਵੇਂ ਸ਼ਹੀਦ ਪੈਦਾ ਕਰਨ ਦਾ ਕਾਰਨ ਬਣ ਜਾਂਦੀ ਹੈ।

ਦਿੱਲੀ ਗੇਟ ਦੇ ਬਾਹਰ ਲਾਹੌਰ ਵਿਚ ਭਾਈ ਤਾਰੂ ਸਿੰਘ ਜੀ ਦਾ ਅੰਤਿਮ ਸੰਸਕਾਰ ਕੀਤਾ ਗਿਆ। ਇਹ ਥਾਂ ਲਾਹੌਰ ਰੇਲਵੇ ਸਟੇਸ਼ਨ ਦੇ ਬਹੁਤ ਨੇੜੇ ਹੈ। ਇੱਥੇ ਸ਼ਹੀਦ ਗੰਜ ਗੁਰਦੁਆਰਾ ਬਣਿਆ ਹੋਇਆ ਹੈ।

ਭਾਈ ਤਾਰੂ ਸਿੰਘ ਸ਼ਹੀਦ ਦੀ ਸਾਖੀ ਤਾਂ ਬੱਚੇ ਬੱਚੇ ਦੇ ਮੂੰਹ ਤੇ ਹੈ। ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ ਹੈ।

## *ਤਰਕਸ਼ੀਲ ਮੈਗਜ਼ੀਨ ਦੇ ਨਵੇਂ ਪਾਠਕ ਬਣਾਉਣ ਦੀ ਤਰਕਸ਼ੀਲ ਆਗੂ ਅਜੀਤ ਪ੍ਰਦੇਸੀ ਇੱਕ ਝਲਕ *

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮਵੇਦ



ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂ ਅਜੀਤ ਪ੍ਰਦੇਸੀ ਜੀ ਦੱਸਦੇ ਹਨ ਕਿ 2 ਜੁਲਾਈ ਦੀ ਸਵੇਰੇ ਦਾ ਸਮਾਂ ਸੀ, ਸ਼ਾਇਦ ਪੌਣੇ ਦਸ। ਉਹ ਚੱਲਿਆ ਬਲੌਂਗੀ ਲਾਇਬ੍ਰੇਰੀ ਨੂੰ। ਰਸਤੇ ਵਿੱਚ ਪੈਂਦਾ ਸੀ ਸਕੂਲ ਸਹੌੜਾਂ ਜਿੱਥੇ ਪ੍ਰਿੰਸੀਪਲ ਸਾਹਿਬ ਲਾਇਬ੍ਰੇਰੀ ਵਿੱਚ ਖੜ੍ਹੇ ਸਨ। ਉਨ੍ਹਾਂ ਤਰਕਸ਼ੀਲ ਮੈਗਜ਼ੀਨ ਫੜ੍ਹਿਆ, ਧੰਨਵਾਦ ਕੀਤਾ ਤੇ ਉਹ ਬਲੌਂਗੀ ਲਾਇਬ੍ਰੇਰੀ ਪਹੁੰਚ ਗਿਆ ਤੇ ਬਾਅਦ ਦੁਪਹਿਰ ਪੰਜਾਬ ਬੁੱਕ ਸੈਂਟਰ ਚੰਡੀਗੜ੍ਹ ਤਰਕਸ਼ੀਲ ਮੈਗਜ਼ੀਨ ਰੱਖ ਕੇ ਉਸ ਨੇ ਰਸਤੇ ਵਿੱਚ ਪੈਂਦੀ ਇੱਕ ਕਲੌਨੀ ਵਿੱਚ ਰਹਿੰਦੇ ਮਾਸਟਰ ਦੀ ਕੋਠੀ ਤਰਕਸ਼ੀਲ ਮੈਗਜ਼ੀਨ ਵਗਾਹ ਮਾਰਿਆ ਤੇ ਉਨ੍ਹੀਂ ਪੈਰੀਂ ਮੋਰਿੰਡਾ ਬੁੱਕ ਸਟਾਲ ਤੇ ਆ ਕੇ ਰੁਕਿਆ। ਚਾਹ ਪੀਤੀ ਪੱਤਰਕਾਰ ਬੁੱਕ ਸਟਾਲ ਨਾਲ ਗੱਲਾਂ ਕੀਤੀਆਂ, ਮੈਗ਼ਜ਼ੀਨਾਂ ਦਾ ਹਿਸਾਬ ਕਰਕੇ ਰਾਣਵਾਂ ਬੁੱਕ ਸਟਾਲ ਤੇ ਮੈਗਜ਼ੀਨ ਦਿੱਤੇ, ਸੰਘੋਲ ਨਵਤੇਜ ਧੁੰਦਾ ਦੇ ਮੈਗਜ਼ੀਨ ਦੇ ਕੇ ਉਹ ਕਾਲੇਵਾਲ ਵਾਟਰ ਵਰਕਸ ਤੇ ਮੈਗਜ਼ੀਨ ਦੇਣ ਗਿਆ ਤੇ ਉੱਥੋਂ ਮੋਰਿੰਡੇ ਰਹਿੰਦੇ ਦੋ ਕਾਮਰੇਡਾਂ ਦੇ ਘਰ ਮੈਗਜ਼ੀਨ ਦੇਣ ਚਲਾ ਗਿਆ। ਮੋਰਿੰਡੇ ਤੋਂ ਕਾਈਨੌਰ ਬੱਸ ਅੱਡੇ ਤੇ ਹਾਰਡਵੇਅਰ ਦੀ ਦੁਕਾਨ ਤੇ ਮੈਗਜ਼ੀਨ ਫੜਾ ਪਾਵਰ ਕਲੌਨੀ ਆ ਕੇ ਇੱਕ ਹੋਰ ਮੈਗਜ਼ੀਨ ਕੇਬਲ ਨੈੱਟਵਰਕ ਵਾਲੇ ਨੂੰ ਉਸ ਨੇ ਦਿੱਤਾ ਤੇ ਦੋ ਮੈਗਜ਼ੀਨ ਬਾਜ਼ਾਰ ਦੇ ਕੇ ,ਰਾਤ 8 ਵਜੇ ਦੇ ਨੇੜੇ ਤੇੜੇ ਅਜੀਤ ਪ੍ਰਦੇਸੀ ਲੱਗਭੱਗ 10 ਘੰਟਿਆਂ ਵਿੱਚ 125-30 ਕਿਲੋਮੀਟਰ ਦਾ ਮੋਟਰ ਸਾਇਕਲ ਦਾ ਸਫ਼ਰ ਵਿਗਿਆਨਕ ਸੋਚ ਦਾ ਸੁਨੇਹਾ ਦਿੰਦਾ ਤਰਕਸ਼ੀਲ ਸੁਸਾਇਟੀ ਦੇ ਲੇਖੇ ਲਾ ਕੇ ਆਪਣੇ ਘਰੇ ਆ ਵੜਿਆ।

ਉਹ ਕਹਿੰਦਾ ਹੈ ਕਿ 500 ਮੈਗ਼ਜ਼ੀਨਾਂ ਦੀ ਵੰਡ ਵੰਡਾਈ ਦਾ ਕੰਮ ਇੰਝ ਹੀ ਕਰਕੇ ਨੇਪਰੇ ਚੜ੍ਹਦਾ ਹੈ। ਧੁੱਪ ਹੋਵੇ ਜਾਂ ਤਪਸ਼, ਹੁੰਮਸ ਹੋਵੇ ਜਾਂ ਹੁੱਟ, ਚਰਖ਼ਾ ਤਾਂ ਘੂਕਦਾ ਰੱਖਣਾ ਹੀ ਪੈਂਦਾ ਹੈ। ਇਸੇ ਕਰਕੇ ਇਕਹਿਰੀ ਹੱਡੀ ਦਾ ਇਹ ਢਾਂਚਾ ਸਟੀਲਹੈੱਡ ਬਣ ਗਿਆ ਹੈ। ਉਹ ਕਹਿੰਦਾ ਹੈ

ਇੱਛਾ-ਸ਼ਕਤੀ,ਦ੍ਰਿੜ ਇਰਾਦਾ,ਲਗਨ, ਸਮਰਪਿਤ ਭਾਵਨਾ ਤੇ ਇਤਿਹਾਸ ਸਿਰਜਣ ਦੀ ਚਾਹਤ ਹੇਠਲੀ ਉੱਤੇ ਕਰਵਾ ਦਿੰਦੀ ਹੈ ਤੇ ਇਨਕਲਾਬਾਂ ਦੇ ਸੂਰਜ ਵੀ ਚੜ੍ਹਾ ਦਿੰਦੀ ਹੈ, ਮੈਗ਼ਜ਼ੀਨਾਂ ਦੀ ਗਿਣਤੀ ਵਧਾਉਣ ਦਾ ਕੰਮ ਤਾਂ ਇਸ ਆਪਾ-ਵਾਰੂ ਬਿਰਤੀ ਅੱਗੇ ਬਹੁਤ ਨਿੱਕਾ ਜਿਹੈ।ਉਹ ਕਹਿੰਦਾ ਹੈ ਆਓ! ਸਾਥੀਓ,ਅੱਗੇ ਵਧੋ।

ਮੈਗ਼ਜ਼ੀਨਾਂ ਦੀ ਗਿਣਤੀ ਵਧਾਉਣ ਲਈ:ਉਹ ਸੁਝਾਅ ਦਿੰਦਾ ਹੈ

ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ, ਮੁਲਾਜ਼ਮਾਂ,ਗਲੀ ਮੁਹੱਲੇ ਵਾਲਿਆਂ, ਦੁਕਾਨਦਾਰਾਂ ਅਤੇ ਹੋਰ ਜਾਣ-ਪਛਾਣ ਵਾਲਿਆਂ ਦੀਆਂ ਲਿਸਟਾਂ ਬਣਾਓ, ਇਨ੍ਹਾਂ ਵਿਚੋਂ ਵੱਧ ਨੇੜਤਾ ਵਾਲਿਆਂ ਦੀ ਛਾਂਟੀ ਕਰ ਲਵੋ ਤੇ ਫ਼ਿਰ ਉਨ੍ਹਾਂ ਨਾਲ ਸੰਪਰਕ ਕਰੋ ਤੇ ਮੈਗਜ਼ੀਨ ਬਾਰੇ ਚਰਚਾ ਕਰੋ।

ਸਕੂਲਾਂ ਵਿੱਚ ਜਾਓ। ਸਕੂਲ ਮੁਖੀਆਂ ਨਾਲ ਸੰਪਰਕ ਕਰੋ।

ਸਕੂਲਾਂ ਵਿੱਚ ਜਾਦੂ ਦੇ ਸ਼ੋਅ ਕਰੋ ਤੇ ਸੁਸਾਇਟੀ ਦੀ ਸਮਝ ਅਤੇ ਵਹਿਮਾਂ ਭਰਮਾਂ ਤੇ ਅੰਧਵਿਸ਼ਵਾਸ ਆਦਿ ਬਾਰੇ ਵਿਚਾਰ ਸਾਂਝੇ ਕਰੋ ਤੇ ਮੈਗਜ਼ੀਨ ਲੱਗ ਜਾਂਦੇ ਹਨ।

ਮੈਗਜ਼ੀਨ ਹਫ਼ਤਾ,ਪੰਦਰਵਾੜਾ , ਮਹੀਨਾ ਜਾਂ ਕਿਸੇ ਮਹੱਤਵਪੂਰਨ ਦਿਵਸ ਨੂੰ ਮੈਗਜ਼ੀਨ ਦੇ ਚੰਦੇ ਲਾਉਣ ਨੂੰ ਸਮਰਪਿਤ ਕਰੋ।

ਸੂਬਾ ਕਮੇਟੀ ਮੈਂਬਰਾਂ ਤੇ ਜ਼ੋਨ ਆਗੂਆਂ ਨੂੰ ਮੈਗਜ਼ੀਨ ਦੇ ਕੋਟੇ ਲੱਗਾਏ ਜਾਣ।

## ਮੇਰੀ ਮਾਂ/ ਕਵਿਤਾ

ਤੂੰ ਮੈਨੂੰ ਗੋਦੀ ਚੁੱਕ ਕੇ ਖਿਡਾਇਆ,
ਮੈਨੂੰ ਰੋਂਦੇ ਨੂੰ ਗਲ਼ ਨਾਲ ਲਾਇਆ।
ਤੇਰੀਆਂ ਸੁਣ ਕੇ ਲੋਰੀਆਂ ਤੇ ਬਾਤਾਂ,
ਮੇਰੀਆਂ ਚੰਗੀਆਂ ਲੰਘਦੀਆਂ ਸੀ ਰਾਤਾਂ।
ਹੌਲੀ ਹੌਲੀ ਮੈਨੂੰ ਬੋਲਣਾ ਸਿਖਾਇਆ,
ਵੱਡਿਆਂ ਦਾ ਆਦਰ ਕਰਨਾ ਸਿਖਾਇਆ।
ਤੂੰ ਮੇਰੇ ਲਈ ਕੀਤੀਆਂ ਦਿਨ ਰਾਤ ਦੁਆਵਾਂ,
ਤਾਂ ਹੀ ਨੇੜੇ ਮੇਰੇ ਆਈਆਂ ਨਾ ਬਲਾਵਾਂ।
ਫਿਰ ਤੂੰ ਮੈਨੂੰ ਸਕੂਲੇ ਪੜ੍ਹਨਾ ਪਾਇਆ,
ਘਰ ਆਏ ਨੂੰ ਹੋਮ ਵਰਕ ਕਰਾਇਆ।
ਹੌਲੀ ਹੌਲੀ ਕੀਤੀ ਪੜ੍ਹਾਈ ਮੈਂ ਪੂਰੀ,
ਮੈਨੂੰ ਮਿਲੇ ਨੌਕਰੀ, ਖਾਹਿਸ਼ ਸੀ ਤੇਰੀ।
ਫਿਰ ਮੈਂ ਕੀਤਾ ਬੈਂਕ ਦਾ ਟੈਸਟ ਪਾਸ,
ਨੌਕਰੀ ਮਿਲਣ ਦੀ ਬੱਝ ਗਈ ਆਸ।
ਇੰਟਰਵਿਊ ਪਿੱਛੋਂ ਮਿਲ ਗਈ ਨੌਕਰੀ,
ਰੱਬ ਨੇ ਤੇਰੀ ਫਰਿਆਦ ਸੁਣ ਲਈ।
ਮਾਏ ਮੇਰੀਏ ਇਹੋ ਹੈ ਖਾਹਿਸ਼ ਮੇਰੀ,
ਮਿਲਦੀ ਰਹੇ ਮੈਨੂੰ ਸਦਾ ਠੰਢੀ ਛਾਂ ਤੇਰੀ।




ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

## ਤੱਤ

ਜੇਕਰ ਕੁਝ ਵੀ ਸਮਝ ਨਾ ਆਵੇ,,
ਰੂਹ ਨਾਲ ਗੱਲ ਚਲਾ ਲਿਆ ਕਰ।।
ਮਨ ਜੇ ਚਿੰਤਾਂ ਦੇ ਵਿੱਚ ਡੁੱਬੇ,,
ਨਾਵਲ ਨੂੰ ਹੱਥ ਪਾ ਲਿਆ ਕਰ।।
ਬਹੁਤਾ ਮਨ ਉਚਾਟ ਜੇ ਹੋਵੇ,,
ਸੰਗ ਸਰੋਵਰ ਨਾਹ੍ ਲਿਆ ਕਰ।।
ਮਾਂ ਪਿਉ ਤੋਂ ਜੇ ਭੋਗ ਚਾਹੀਦਾ,,
ਚਾਰ ਕੁ ਗਾਲਾਂ ਖਾਅ ਲਿਆ ਕਰ।।
ਮੇਵੇ ਹੀਰੇ ਚਾਹੁੰਦਾ ਜੇਕਰ,,
ਮਨ ਦੀ ਧਰਤੀ ਵਾਹ੍ ਲਿਆ ਕਰ।।
ਅਨਹਦ ਨਾਦ ਨੂੰ ਸੁਣਨਾ ਜੇਕਰ,,
ਥੋੜਾ ਰੁਕ ਕੇ ਸਾਹ ਲਿਆ ਕਰ।।
ਨਿੰਦਿਆ ਚੁਗਲੀ ਭਰਮ ਭੁਲੇਖਾ,,
ਧਰਮ ਚਰਨ ਸੇ ਗਾਹ੍ ਲਿਆ ਕਰ।।
ਉਸ ਨੂੰ ਮਿਲਣਾ ਚਾਹੁੰਦਾ ਜੇਕਰ,,
ਬੇਰੀ ਦੀ ਹੀ ਛਾਂਅ ਲਿਆ ਕਰ।।

ਜਦ ਕੋਈ ਸ਼ਬਦ ਸਪੱਸ਼ਟ ਨਾ ਹੋਵੇ,,
ਉਦੋਂ ਵਾਕ ਚ ਜਾਂਅ ਲਿਆ ਕਰ।।
ਮੰਗਤ ਜਦ ਵੀ ਵਿਹਲਾ ਹੋਵੇਂ,,
ਰੱਬ ਦਾ ਨਾਮ ਧਿਆ ਲਿਆ ਕਰ।।
ਗਿਆਨੀ ਬਣਨਾ ਚਾਹੁੰਦਾ ਜੇ ਤੂੰ,,
ਕੋਈ ਸੁਆਲ ਉਠਾ ਲਿਆ ਕਰ।।

ਵਰਲਡ ਪੰਜਾਬੀ ਟਾਈਮਜ਼
ਮੰਗਤ ਸਿੰਘ ਲੌਂਗੋਵਾਲ